# ਹਾਈ ਸਟੈਂਡਰਡ ਨਿਊਜ਼

HIGHSTANDARDNEWS

Date 2.08.2024

www.hsnnews.in | PUNPUN/2024/86289 | President:-Shailzadwivedi | Email:info@hsnnews.in

Vol.11 | Augest- 2024 | Published in Punjab | Pages 8


## ਭਾਜਪਾ ਹਰਿਆਣਾ ਅਤੇ ਹੋਰ 2 ਸੂਬਿਆਂ ’ਚ RSS ਨਾਲ ਮਿਲ ਕੇ ਕਰੇਗੀ ਕੰਮ



ਸਾਰੀਆਂ ਅਟਕਲਾਂ ਨੂੰ ਖਤਮ ਕਰਦੇ ਹੋਏ, ਆਰ.ਐੱਸ.ਐੱਸ. ਅਤੇ ਭਾਜਪਾ ਲੀਡਰਸ਼ਿਪ ਨੇ ਮਹਾਰਾਸ਼ਟਰ, ਹਰਿਆਣਾ ਅਤੇ ਝਾਰਖੰਡ ਵਿਚ ਜਿੱਤ ਦੀ ਰਣਨੀਤੀ ਤਿਆਰ ਕਰਨ ਲਈ ਮੈਰਾਥਨ ਮੀਟਿੰਗਾਂ ਕੀਤੀਆਂ, ਜਿੱਥੇ ਵਿਧਾਨ ਸਭਾ ਚੋਣਾਂ ਹੋਣੀਆਂ ਹਨ। ਹਾਲ ਹੀ ਵਿਚ ਹੋਈਆਂ ਲੋਕ ਸਭਾ ਚੋਣਾਂ ਵਿਚ ਝਾਰਖੰਡ ਨੂੰ ਛੱਡ ਕੇ ਭਾਜਪਾ ਨੂੰ ਮਹਾਰਾਸ਼ਟਰ ਅਤੇ ਹਰਿਆਣਾ ਵਿਚ ਗੰਭੀਰ ਝਟਕਾ ਲੱਗਾ ਹੈ। ਜੇਕਰ ਭਾਜਪਾ ਮਹਾਰਾਸ਼ਟਰ ਅਤੇ ਹਰਿਆਣਾ ’ਚ ਨਹੀਂ ਜਿੱਤਦੀ ਹੈ, ਤਾਂ ਸੱਤਾਧਾਰੀ ਸਰਕਾਰ ਲਈ ਇਸਦੇ ਗੰਭੀਰ ਸਿਆਸੀ ਨਤੀਜੇ ਹੋ ਸਕਦੇ ਹਨ। ਲੋਕ ਸਭਾ ਚੋਣਾਂ ਵਿਚ ਖਰਾਬ ਪ੍ਰਦਰਸ਼ਨ ਦਾ ਇਕ ਕਾਰਨ ਜ਼ਮੀਨੀ ਪੱਧਰ ’ਤੇ ਆਰ. ਐੱਸ. ਐੱਸ. ਅਤੇ ਭਾਜਪਾ ਵਰਕਰਾਂ ਵਿਚਾਲੇ ਘੱਟ ਤਾਲਮੇਲ ਸੀ। ਹੁਣ ਕੋਸ਼ਿਸ਼ ਹੈ ਕਿ ਬੂਥ ਤੋਂ ਲੈ ਕੇ ਸਿਖਰ ਤੱਕ ਹਰ ਪੱਧਰ ’ਤੇ ਬਿਹਤਰ ਤਾਲਮੇਲ ਸਥਾਪਤ ਕੀਤਾ ਜਾਵੇ। ਹਰਿਆਣਾ ਵਿਧਾਨ ਸਭਾ ਚੋਣਾਂ ਬਾਰੇ ਵਿਚਾਰ-ਵਟਾਂਦਰਾ ਸੋਮਵਾਰ ਨੂੰ ਸ਼ੁਰੂ ਹੋਇਆ ਅਤੇ ਮੁੱਖ ਮੰਤਰੀ ਨਾਇਬ ਸੈਣੀ, ਕੇਂਦਰੀ ਮੰਤਰੀ ਮਨੋਹਰ ਲਾਲ ਖੱਟੜ, ਰਾਜ ਲਈ ਭਾਜਪਾ ਦੇ ਚੋਣ ਇੰਚਾਰਜ ਕੇਂਦਰੀ ਸਿੱਖਿਆ ਮੰਤਰੀ ਧਰਮਿੰਦਰ ਪ੍ਰਧਾਨ, ਸੂਬਾ ਇੰਚਾਰਜ ਬਿਪਲਬ ਦੇਬ ਅਤੇ ਹੋਰ ਸ਼ਾਮਲ ਹੋਏ। ਆਰ. ਐੱਸ. ਐੱਸ. ਦੀ ਪ੍ਰਤੀਨਿਧਤਾ ਸੰਯੁਕਤ ਜਨਰਲ ਸਕੱਤਰ ਅਰੁਣ ਕੁਮਾਰ ਨੇ ਕੀਤੀ, ਜੋ ਭਾਜਪਾ ਨਾਲ ਸਿਆਸੀ ਤਾਲਮੇਲ ਨੂੰ ਸਮਰਪਿਤ ਹੈ। ਮੀਟਿੰਗ ਵਿਚ ਆਰ. ਐੱਸ. ਐੱਸ. ਦੀ ਹਰਿਆਣਾ ਇਕਾਈ ਦੇ ਅਧਿਕਾਰੀਆਂ ਨੂੰ ਵੀ ਸੱਦਿਆ ਗਿਆ ਸੀ। ਭਾਜਪਾ ਨੇ 2014 ਅਤੇ 2019 ਦੀਆਂ ਸਾਰੀਆਂ 10 ਸੀਟਾਂ ਦੇ ਮੁਕਾਬਲੇ 2024 ਵਿਚ 10 ਵਿਚੋਂ ਸਿਰਫ਼ 5 ਸੀਟਾਂ ਜਿੱਤੀਆਂ ਸਨ। ਬਾਅਦ ਵਿਚ, ਆਸਾਮ ਦੇ ਮੁੱਖ ਮੰਤਰੀ ਹਿਮੰਤ ਬਿਸਵਾ ਸਰਮਾ ਅਤੇ ਝਾਰਖੰਡ ਦੇ ਸਹਿ-ਇੰਚਾਰਜ ਅਰੁਣ ਕੁਮਾਰ ਨਾਲ ਮੁਲਾਕਾਤ ਕੀਤੀ। ਕੇਂਦਰੀ ਖੇਤੀਬਾੜੀ ਮੰਤਰੀ ਅਤੇ ਸੂਬਾ ਇੰਚਾਰਜ ਸ਼ਿਵਰਾਜ ਸਿੰਘ ਚੌਹਾਨ ਮੀਟਿੰਗ ਵਿਚ ਨਹੀਂ ਪਹੁੰਚ ਸਕੇ। ਉਹ ਅਗਲੇ ਹਫ਼ਤੇ ਮੀਟਿੰਗਾਂ ਦੇ ਦੂਜੇ ਦੌਰ ਵਿਚ ਹਿੱਸਾ ਲੈਣਗੇ। ਦੱਸਿਆ ਜਾ ਰਿਹਾ ਹੈ ਕਿ ਇਹ ਮੀਟਿੰਗ ਮਹਾਰਾਸ਼ਟਰ ਨੂੰ ਲੈ ਕੇ ਹੋਈ ਸੀ, ਜਿੱਥੇ ਆਰ.ਐੱਸ.ਐੱਸ. ਨੇ ਐੱਨ.ਸੀ.ਪੀ. ਨੇਤਾ ਅਜੀਤ ਪਵਾਰ ਨਾਲ ਗੱਠਜੋੜ ਅਤੇ ਸ਼ਰਮਨਾਕ ਸਥਿਤੀ ਤੋਂ ਉਭਰਨ ਸਬੰਧੀ ਆਪਣੇ ਵਿਚਾਰ ਪ੍ਰਗਟ ਕੀਤੇ।

## 10ਵੀਂ ਦੇ ਵਿਦਿਆਰਥੀ ਨੇ ਕੂੜੇ ਤੋਂ ਬਣਾ ਦਿੱਤੀ ਬਿਜਲੀ



ਗੁਜਰਾਤ ਦੇ ਹਿੰਮਤਨਗਰ ਸ਼ਹਿਰ ਦੇ ਇਕ ਵਿਦਿਆਰਥੀ ਨੇ ਪ੍ਰਦੂਸ਼ਣ ਘੱਟ ਕਰਨ ਦੇ ਮਕਸਦ ਨਾਲ ਕੂੜੇ ਨੂੰ ਸਾੜ ਕੇ ਬਿਜਲੀ ਬਣਾਉਣ ਦਾ ਤਰੀਕਾ ਲੱਭਿਆ ਹੈ। ਰਾਜ ਪੱਧਰ 'ਤੇ ਪਹਿਲਾ ਸਥਾਨ ਪ੍ਰਾਪਤ ਕਰਨ ਤੋਂ ਬਾਅਦ ਹੁਣ ਉਹ ਦਿੱਲੀ 'ਚ ਸਾਇੰਸ ਫੇਅਰ (ਮੇਲੇ) 'ਚ ਗੁਜਰਾਤ ਦਾ ਪ੍ਰਤੀਨਿਧੀਤੱਵ ਕਰੇਗਾ। ਸ਼ਹਿਰ 'ਚ ਜੈਨਾਚਾਰੀਆ ਆਨੰਦਸੂਰੀ ਸਕੂਲ 'ਚ ਜਮਾਤ 10ਵੀਂ ਦੇ ਵਿਦਿਆਰਥੀ ਪ੍ਰਜਵਿਨਸਿੰਘ ਚੰਪਾਵਤ ਨੇ ਇਲੈਕਟ੍ਰੀਸਿਟੀ ਫਰਾਮ ਵੇਸਟ ਪ੍ਰਾਜੈਕਟ ਤਿਆਰ ਕੀਤਾ ਹੈ। ਡੰਪਿਗ ਸਾਈਟ 'ਤੇ ਸੜਦੇ ਕੂੜੇ ਨਾਲ ਪ੍ਰਦੂਸ਼ਣ ਹੁੰਦੇ ਦੇਖ ਚੰਪਾਤ ਨੇ ਕੂੜੇ ਤੋਂ ਬਿਜਲੀ ਬਣਾਉਣ ਦੀ ਠਾਣੀ। ਪ੍ਰਜਵਿਨਸਿੰਘ ਨੇ 15 ਦਿਨਾਂ 'ਚ 8 ਹਜ਼ਾਰ ਰੁਪਏ ਖਰਚ ਕੇ ਵੱਖ-ਵੱਖ ਵਸਤੂਆਂ ਦੇ ਉਪਯੋਗ ਨਾਲ ਪ੍ਰਾਜੈਕਟ ਬਣਾਇਆ ਅਤੇ ਤਹਿਸੀਲ ਪੱਧਰ 'ਤੇ ਪ੍ਰਦਰਸ਼ਨੀ 'ਚ ਹਿੱਸਾ ਲਿਆ। ਉਹ ਰਾਜ ਪੱਧਰ 'ਤੇ ਇਸ ਦਾ ਪ੍ਰਦਰਸ਼ਨ ਕਰ ਚੁੱਕਿਆ ਹੈ। ਇਕ ਵਾਰ ਬਾਕਸ 'ਚ ਕੂੜਾ ਸਾੜ ਕੇ ਕੋਲ ਹੀਟਿੰਗ ਪੈਨਲ ਲਗਾਇਆ। ਕੂੜੇ ਤੋਂ ਊਰਜਾ ਪੈਦਾ ਹੋ ਕੇ ਪਾਵਰ ਬੈਟਰੀ 'ਚ ਸੇਵ ਹੁੰਦੀ ਹੈ। ਇਸ ਤੋਂ ਮਿਲੀ ਊਰਜਾ ਨਾਲ ਐੱਲ.ਈ.ਡੀ. ਬਲੱਬ ਚਾਲੂ ਹੁੰਦਾ ਹੈ। ਪੈਦਾ ਹੋਇਆ ਧੂੰਆਂ ਪਾਈਪ 'ਚ ਹੋ ਕੇ ਵਾਟਰ ਟੈਂਕ 'ਚ ਆਉਂਦਾ ਹੈ। ਉੱਥੋਂ ਪਾਣੀ ਪੰਪ ਨਾਲ ਪਾਈਪ 'ਚ ਹੋ ਕੇ ਵਾਟਰ ਕੂਲਿੰਗ ਏਅਰਫਿਲਟਰ 'ਚ ਆਉਂਦਾ ਹੈ। ਪ੍ਰਦੂਸ਼ਣ ਤੋਂ ਪੈਦਾ ਕਾਰਬਨ ਪਾਣੀ ਦੇ ਉੱਪਰ ਤੈਰਦਾ ਹੈ। ਜਮ੍ਹਾ ਕਾਰਬਨ ਇਕ ਪਾਸੇ ਇਕੱਠੀ ਹੁੰਦੀ ਹੈ, ਇਸ ਨਾਲ ਪ੍ਰਦੂਸ਼ਣ ਘੱਟ ਹੁੰਦਾ ਹੈ। ਬਚੇ ਹੋਏ ਕਾਰਬਨ ਦਾ ਉਪਯੋਗ ਟਾਇਰ, ਖਾਦ, ਇੱਟ ਆਦਿ ਬਣਾਉਣ 'ਚ ਕਰ ਸਕਦੇ ਹਨ।

## ਕੇਰਲ 'ਚ ਜ਼ਮੀਨ ਖਿਸਕਣ ਕਾਰਨ 300 ਦੇ ਕਰੀਬ ਲੋਕ ਅਜੇ ਵੀ ਲਾਪਤਾ, ਬਚਾਅ ਕਾਰਜ ਜਾਰੀ



ਕੇਰਲ ਦੇ ਏਡੀਜੀਪੀ ਐੱਮ.ਆਰ. ਅਜੀਤ ਕੁਮਾਰ ਨੇ ਸ਼ੁੱਕਰਵਾਰ ਨੂੰ ਕਿਹਾ ਕਿ ਭਾਰੀ ਬਾਰਸ਼ ਦੇ ਬਾਵਜੂਦ ਵਾਇਨਾਡ ਦੇ ਮੁੰਡਕਾਈ 'ਚ ਵੱਡੇ ਪੱਧਰ 'ਤੇ ਖੋਜ ਅਤੇ ਬਚਾਅ ਮੁਹਿੰਮ ਚੱਲ ਰਹੀ ਹੈ ਅਤੇ ਲਗਭਗ 300 ਲੋਕ ਅਜੇ ਵੀ ਲਾਪਤਾ ਹਨ। ਭਾਰੀ ਮੀਂਹ ਕਾਰਨ ਮੰਗਲਵਾਰ ਨੂੰ ਕੇਰਲ ਵਿਚ ਜ਼ਮੀਨ ਖਿਸਕਣ ਕਾਰਨ ਮਰਨ ਵਾਲਿਆਂ ਦੀ ਗਿਣਤੀ 200 ਦੇ ਕਰੀਬ ਪਹੁੰਚ ਗਈ, ਜਦਕਿ ਅਧਿਕਾਰੀਆਂ ਨੇ ਇਹ ਗਿਣਤੀ ਹੋਰ ਵੱਧਣ ਦਾ ਖਦਸ਼ਾ ਜਤਾਇਆ ਹੈ।ਕੁਮਾਰ ਨੇ ਪੱਤਰਕਾਰਾਂ ਨੂੰ ਦੱਸਿਆ ਕਿ 300 ਦੇ ਕਰੀਬ ਲੋਕ ਅਜੇ ਵੀ ਲਾਪਤਾ ਹਨ, ਪਰ ਅਸਲ ਗਿਣਤੀ ਦਾ ਪਤਾ ਮਾਲ ਵਿਭਾਗ ਦੇ ਵੇਰਵੇ ਇਕੱਠੇ ਕਰਨ ਤੋਂ ਬਾਅਦ ਹੀ ਲੱਗੇਗਾ। ਉਨ੍ਹਾਂ ਕਿਹਾ, 'ਸਾਨੂੰ ਹੁਣ ਤੱਕ ਜੋ ਜਾਣਕਾਰੀ ਮਿਲੀ ਹੈ, ਉਸ ਅਨੁਸਾਰ ਲਗਭਗ 300 ਲੋਕ ਅਜੇ ਵੀ ਲਾਪਤਾ ਹਨ। ਮਾਲ ਵਿਭਾਗ ਵੇਰਵੇ ਇਕੱਠੇ ਕਰਨ ਵਿੱਚ ਰੁੱਝਿਆ ਹੋਇਆ ਹੈ। ਇੱਕ-ਦੋ ਦਿਨਾਂ ਵਿੱਚ ਤਸਵੀਰ ਪੂਰੀ ਤਰ੍ਹਾਂ ਸਾਫ਼ ਹੋ ਜਾਵੇਗੀ।' ਰਾਜ ਵਿੱਚ ਕਾਨੂੰਨ ਤੇ ਵਿਵਸਥਾ ਦੇ ਇੰਚਾਰਜ ਏਡੀਜੀਪੀ ਨੇ ਕਿਹਾ ਕਿ ਜ਼ਮੀਨ ਖਿਸਕਣ ਤੋਂ ਪ੍ਰਭਾਵਿਤ ਖੇਤਰਾਂ ਨੂੰ ਛੇ ਜ਼ੋਨਾਂ ਵਿੱਚ ਵੰਡਿਆ ਗਿਆ ਹੈ ਅਤੇ ਵੱਖ-ਵੱਖ ਟੀਮਾਂ ਨੇ ਕੁੱਤਿਆਂ ਦੇ ਦਸਤੇ ਨਾਲ ਖੋਜ ਮੁਹਿੰਮ ਸ਼ੁਰੂ ਕਰ ਦਿੱਤੀ ਹੈ। ਉਹਨਾਂ ਨੇ ਕਿਹਾ ਕਿ ਕੇਰਲ ਪੁਲਸ ਮਾਹਿਰ ਏਜੰਸੀਆਂ ਦੀ ਮਦਦ ਨਾਲ ਚਲਿਆਰ ਨਗੀਂ ਵਿਚ ਕੋਝੀਕੋਡ ਸ਼ਹਿਰ ਤੱਕ ਤਲਾਸ਼ੀ ਮੁਹਿੰਮ ਸ਼ੁਰੂ ਕਰੇਗੀ। ਕੁਮਾਰ ਨੇ ਕਿਹਾ ਕਿ ਅਸੀਂ ਨਦੀ ਵਿਚ ਵੀ ਤਲਾਸ਼ੀ ਮੁਹਿੰਮ ਚਲਾ ਰਹੇ ਹਨ। ਬੀਤੇ ਦਿਨ ਸਾਨੂੰ ਪੋਠੂਕਲ ਤੋਂ ਕਈ ਲਾਸ਼ਾਂ ਮਿਲੀਆਂ ਸਨ। ਇਸ ਲਈ ਹੁਣ ਅਸੀਂ ਚਲਿਆਰ ਨਦੀ ਦੇ ਕਿਨਾਰੇ ਤੋਂ ਲੈ ਕੇ ਕੋਝੀਕੋਡ ਸ਼ਹਿਰ ਤੱਕ ਦੇ ਸਾਰੇ ਪੁਲਸ ਥਾਣਿਆਂ ਨੂੰ ਆਪਣੇ-ਆਪਣੇ ਇਲਾਕਿਆਂ ਵਿਚ ਤਲਾਸ਼ੀ ਮੁਹਿੰਮ ਚਲਾਉਣ ਦੇ ਨਿਰਦੇਸ਼ ਦਿੱਤੇ ਹਨ।

## ਵਾਇਨਾਡ 'ਚ ਜ਼ਮੀਨ ਖਿਸਕਣ ਤੋਂ ਬਾਅਦ ਕਰੀਬ 300 ਲੋਕ ਹਾਲੇ ਵੀ ਲਾਪਤਾ, ਖੋਜ ਤੇ ਬਚਾਅ ਮੁਹਿੰਮ ਜਾਰੀ



ਕੇਰਲ ਦੇ ਏ.ਡੀ.ਜੀ.ਪੀ. ਐੱਮ.ਆਰ. ਅਜੀਤ ਕੁਮਾਰ ਨੇ ਸ਼ੁੱਕਰਵਾਰ ਨੂੰ ਕਿਹਾ ਕਿ ਵਾਇਨਾਡ ਦੇ ਮੁੰਡਕੱਈ 'ਚ ਮੋਹਲੇਧਾਰ ਮੀਂਹ ਦੇ ਬਾਵਜੂਦ ਵੱਡੇ ਪੈਮਾਨੇ 'ਤੇ ਖੋਜ ਅਤੇ ਬਚਾਅ ਮੁਹਿੰਮ ਜਾਰੀ ਹੈ ਅਤੇ ਲਗਭਗ 300 ਲੋਕ ਹਾਲੇ ਵੀ ਲਾਪਤਾ ਹਨ। ਮੋਹਲੇਧਾਰ ਮੀਂਹ ਕਾਰਨ ਮੰਗਲਵਾਰ ਨੂੰ ਹੋਏ ਜ਼ਮੀਨ ਖਿਸਕਣ ਕਾਰਨ ਮਰਨ ਵਾਲਿਆਂ ਦੀ ਗਿਣਤੀ 264 ਤੱਕ ਪਹੁੰਚ ਗਈ ਹੈ, ਜਦੋਂ ਕਿ ਅਧਿਕਾਰੀਆਂ ਨੇ ਇਹ ਗਿਣਤੀ ਵਧਣ ਦਾ ਖ਼ਦਸ਼ਾ ਜਤਾਇਆ ਹੈ। ਕੁਮਾਰ ਨੇ ਕਿਹਾ ਕਿ ਲਗਭਗ 300 ਲੋਕ ਹਾਲੇ ਵੀ ਲਾਪਤਾ ਹਨ ਪਰ ਅਸਲ ਗਿਣਤੀ ਦਾ ਪਤਾ ਮਾਲੀਆ ਵਿਭਾਗ ਵਲੋਂ ਵੇਰਵੇ ਇਕੱਠੇ ਕਰਨ ਤੋਂ ਬਾਅਦ ਹੀ ਲਗਾਇਆ ਜਾ ਸਕੇਗਾ। ਉਨ੍ਹਾਂ ਕਿਹਾ,''ਹੁਣ ਤੱਕ ਸਾਨੂੰ ਜੋ ਜਾਣਕਾਰੀ ਮਿਲੀ ਹੈ, ਉਸ ਅਨੁਸਾਰ ਲਗਭਗ 300 ਲੋਕ ਹਾਲੇ ਵੀ ਲਾਪਤਾ ਹਨ। ਮਾਲੀਆ ਵਿਭਾਗ ਵੇਰਵਾ ਇਕੱਠਾ ਕਰਨ 'ਚ ਲੱਗਾ ਹੋਇਆ ਹੈ। ਇਕ-ਦੋ ਦਿਨ 'ਚ ਤਸਵੀਰ ਪੂਰੀ ਤਰ੍ਹਾਂ ਸਾਫ਼ ਹੋ ਸਕੇਗੀ।'' ਸੂਬੇ 'ਚ ਕਾਨੂੰਨ ਵਿਵਸਥਾ ਦੇ ਇੰਚਾਰਜ ਏ.ਡੀ.ਜੀ.ਪੀ. ਨੇ ਕਿਹਾ ਕਿ ਜ਼ਮੀਨ ਖਿਸਕਣ ਪ੍ਰਭਾਵਿਤ ਖੇਤਰਾਂ ਨੂੰ 6 ਜ਼ੋਨ 'ਚ ਵੰਡਿਆ ਗਿਆ ਹੈ ਅਤੇ ਵੱਖ-ਵੱਖ ਟੀਮਾਂ ਨੇ ਤਲਾਸ਼ ਮੁਹਿੰਮ ਸ਼ੁਰੂ ਕਰ ਦਿੱਤੀ ਹੈ। ਉਨ੍ਹਾਂ ਕਿਹਾ ਕਿ ਕੇਰਲ ਪੁਲਸ ਮਾਹਿਰ ਏਜੰਸੀਆਂ ਦੀ ਮਦਦ ਨਾਲ ਚਲਿਆਰ ਨਦੀ 'ਚ ਕੋਝੀਕੋਡ ਸ਼ਹਿਰ ਤੱਕ ਤਲਾਸ਼ ਮੁਹਿੰਮ ਚਲਾਏਗੀ। ਕੁਮਾਰ ਨੇ ਕਿਹਾ,''ਅਸੀਂ ਨਦੀ 'ਚ ਵੀ ਤਲਾਸ਼ ਮੁਹਿੰਮ ਸੰਚਾਲਿਤ ਕਰ ਰਹੇ ਹਾਂ। ਕੱਲ੍ਹ ਸਾਨੂੰ ਪੋਥੁਕਲ ਤੋਂ ਲਾਸ਼ਾਂ ਮਿਲੀਆਂ ਸਨ। ਇਸ ਲਈ ਅਸੀਂ ਚਲਿਆਰ ਨਦੀ ਦੇ ਕਿਨਾਰੇ ਤੋਂ ਲੈ ਕੇ ਕੋਝੀਕੋਡ ਸ਼ਹਿਰ ਤੱਕ ਦੇ ਸਾਰੇ ਪੁਲਸ ਥਾਣਿਆਂ ਨੂੰ ਆਪਣੇ-ਆਪਣੇ ਇਲਾਕਿਆਂ 'ਚ ਤਲਾਸ਼ੀ ਮੁਹਿੰਮ ਚਲਾਈ ਦਾ ਨਿਰਦੇਸ਼ ਦਿੱਤਾ ਹੈ।'' ਮਲਪੁਰਮ ਜ਼ਿਲ੍ਹੇ 'ਚ ਚਲਿਆਰ ਨਦੀ ਦੇ ਕਿਨਾਰੇ ਤੋਂ ਲਾਸ਼ਾਂ ਮਿਲਣ ਦੀਆਂ ਖ਼ਬਰਾਂ ਹਨ। ਅਧਿਕਾਰੀਆਂ ਨੇ ਦੱਸਿਆ ਸੀ ਕਿ ਮਲਪੁਰਮ ਤੋਂ ਹੋ ਕੇ ਵਗਣ ਵਾਲੀ ਚਲਿਆਰ ਨਦੀ ਦੇ ਨੇੜੇ-ਤੇੜੇ ਮਿਲੀਆਂ 13 ਲਾਸ਼ਾਂ ਅਤੇ ਸਰੀਰ ਦੇ ਕਈ ਅੰਗ ਵਾਇਨਾਡ ਲਿਆਂਦੇ ਗਏ ਹਨ।

## ਕਰੋੜਾਂ ਰੁਪਏ ਦੇ ਰਾਸ਼ਨ ਵੰਡ ਘੁਟਾਲੇ ਦੇ ਮਾਮਲੇ 'ਚ ਈਡੀ ਨੇ ਤ੍ਰਿਣਮੂਲ ਆਗੂ ਕੀਤਾ ਗ੍ਰਿਫ਼ਤਾਰ




ਇਨਫੋਰਸਮੈਂਟ ਡਾਇਰੈਕਟੋਰੇਟ (ਈਡੀ) ਨੇ ਬਹੁ-ਕਰੋੜੀ ਰਾਸ਼ਨ ਵੰਡ ਘੁਟਾਲੇ ਵਿੱਚ ਸ਼ਾਮਲ ਹੋਣ ਦੇ ਦੋਸ਼ ਵਿੱਚ ਪੱਛਮੀ ਬੰਗਾਲ ਦੇ ਉੱਤਰੀ 24 ਪਰਗਨਾ ਜ਼ਿਲ੍ਹੇ ਦੇ ਦੇਗੰਗਾ ਤੋਂ ਤ੍ਰਿਣਮੂਲ ਕਾਂਗਰਸ (ਟੀਐੱਮਸੀ) ਦੇ ਇੱਕ ਨੇਤਾ ਨੂੰ ਗ੍ਰਿਫ਼ਤਾਰ ਕੀਤਾ ਹੈ। ਇਸ ਗੱਲ ਦੀ ਜਾਣਕਾਰੀ ਇਕ ਅਧਿਕਾਰੀ ਵਲੋਂ ਸ਼ੁੱਕਰਵਾਰ ਨੂੰ ਦਿੱਤੀ ਗਈ ਹੈ। ਉਨ੍ਹਾਂ ਨੇ ਕਿਹਾ ਕਿ ਕੇਂਦਰੀ ਜਾਂਚ ਏਜੰਸੀ ਨੇ ਟੀਐੱਮਸੀ ਦੇ ਦੇਗੰਗਾ ਬਲਾਕ ਪ੍ਰਧਾਨ ਅਨੀਸ ਉਰ-ਰਹਿਮਾਨ ਅਤੇ ਉਨ੍ਹਾਂ ਦੇ ਵੱਡੇ ਭਰਾ ਨੂੰ ਵੀਰਵਾਰ ਦੇਰ ਰਾਤ ਉਨ੍ਹਾਂ ਦੇ ਕੋਲਕਾਤਾ ਦਫ਼ਤਰ ਤੋਂ ਕਰੀਬ 14 ਘੰਟੇ ਪੁੱਛਗਿੱਛ ਕਰਨ ਤੋਂ ਬਾਅਦ ਗ੍ਰਿਫ਼ਤਾਰ ਕੀਤਾ।ਉਨ੍ਹਾਂ ਕਿਹਾ, “ਰਹਿਮਾਨ ਅਤੇ ਉਸ ਦੇ ਭਰਾ ਨੂੰ ਰਾਸ਼ਨ ਵੰਡ ਘੁਟਾਲੇ ਦੇ ਸਬੰਧ ਵਿੱਚ ਗ੍ਰਿਫ਼ਤਾਰ ਕੀਤਾ ਗਿਆ ਹੈ। ਅਸੀਂ ਡਾਕਟਰੀ ਜਾਂਚ ਤੋਂ ਬਾਅਦ ਉਸ ਨੂੰ ਅਦਾਲਤ ਵਿਚ ਪੇਸ਼ ਕਰਾਂਗੇ।'' ਰਹਿਮਾਨ ਸੂਬੇ ਦੀ ਸਾਬਕਾ ਜੰਗਲਾਤ ਮੰਤਰੀ ਜਯੋਤੀਪ੍ਰਿਆ ਮਲਿਕ ਦਾ 'ਬਹੁਤ ਕਰੀਬ' ਹੈ, ਜਿਸ ਨੂੰ ਕੇਂਦਰੀ ਜਾਂਚ ਏਜੰਸੀ ਨੇ ਪਹਿਲਾਂ ਹੀ ਸਾਬਕਾ ਮੰਤਰੀ ਨੂੰ ਘੁਟਾਲੇ ਦੇ ਸਬੰਧ 'ਚ ਗ੍ਰਿਫ਼ਤਾਰ ਕੀਤਾ ਹੋਇਆ ਹੈ। ਅਧਿਕਾਰੀ ਨੇ ਦੱਸਿਆ ਕਿ ਈਡੀ ਅਧਿਕਾਰੀਆਂ ਨੇ ਇੱਕ ਚੌਲ ਮਿੱਲ ਦੇ ਮਾਲਕ ਅਤੇ ਸਾਬਕਾ ਮੰਤਰੀ ਦੇ ਇੱਕ ਹੋਰ ਨਜ਼ਦੀਕੀ ਸਾਥੀ ਬਾਰਿਕ ਬਿਸਵਾਸ ਨੂੰ ਸ਼ੁੱਕਰਵਾਰ ਨੂੰ ਪੁੱਛਗਿੱਛ ਲਈ ਦਫ਼ਤਰ ਵਿੱਚ ਹਾਜ਼ਰ ਹੋਣ ਲਈ ਸੰਮਨ ਜਾਰੀ ਕੀਤੇ ਹਨ। ਈਡੀ ਨੇ ਮੰਗਲਵਾਰ ਨੂੰ ਵਿਸ਼ਵਾਸ ਦੀ ਰਿਹਾਇਸ਼ ਅਤੇ ਚੌਲ ਮਿੱਲ 'ਤੇ ਛਾਪੇਮਾਰੀ ਦੌਰਾਨ 40 ਲੱਖ ਰੁਪਏ ਤੋਂ ਵੱਧ ਦੀ ਨਕਦੀ ਅਤੇ ਯੂਏਈ ਵਿੱਚ ਜਾਇਦਾਦਾਂ ਵਿੱਚ ਨਿਵੇਸ਼ ਨਾਲ ਸਬੰਧਤ ਕੁਝ ਦਸਤਾਵੇਜ਼ ਜ਼ਬਤ ਕੀਤੇ।

## ਅਮਰਨਾਥ ਯਾਤਰਾ: ਜੰਮੂ ਬੇਸ ਕੈਂਪ ਤੋਂ ਰਵਾਨਾ ਹੋਇਆ 1221 ਸ਼ਰਧਾਲੂਆਂ ਦਾ ਜੱਥਾ



'ਬਮ ਬਮ ਭੋਲੇ' ਦਾ ਜਾਪ ਕਰਦੇ ਹੋਏ 1221 ਸ਼ਰਧਾਲੂਆਂ ਦਾ ਨਵਾਂ ਜੱਥਾ ਜੰਮੂ ਦੇ ਭਗਵਤੀ ਨਗਰ ਯਾਤਰੀ ਨਿਵਾਸ ਆਧਾਰ ਕੈਂਪ ਤੋਂ ਸ਼ੁੱਕਰਵਾਰ ਨੂੰ ਸ਼੍ਰੀ ਅਮਰਨਾਥ ਗੁਫਾ ਮੰਦਰ ਲਈ ਰਵਾਨਾ ਹੋ ਗਿਆ ਹੈ। ਸ਼ਰਧਾਲੂ 54 ਵਾਹਨਾਂ ਦੇ ਬੇੜੇ ਵਿੱਚ ਪਹਿਲਗਾਮ ਅਤੇ ਬਾਲਟਾਲ ਦੋਵਾਂ ਰੂਟਾਂ ਲਈ ਰਵਾਨਾ ਹੋਏ ਹਨ।ਇਸ ਦੇ ਨਾਲ ਹੀ ਬਾਲਟਾਲ ਲਈ 395 ਅਤੇ ਪਹਿਲਗਾਮ ਲਈ 826 ਸ਼ਰਧਾਲੂ ਸਖ਼ਤ ਸੁਰੱਖਿਆ ਪ੍ਰਬੰਧਾਂ ਵਿਚਕਾਰ ਬੇਸ ਕੈਂਪ ਤੋਂ ਰਵਾਨਾ ਹੋਏ। ਦੱਸ ਦੇਈਏ ਕਿ ਇਸ ਦੌਰਾਨ ਜੇਕਰ ਪਿਛਲੇ ਸਾਲ ਦੀ ਗੱਲ ਕੀਤੀ ਜਾਵੇ ਤਾਂ ਉਦੋਂ 4.5 ਲੱਖ ਤੋਂ ਵੱਧ ਸ਼ਰਧਾਲੂਆਂ ਨੇ ਗੁਫਾ ਮੰਦਰ ਦੇ ਦਰਸ਼ਨ ਕੀਤੇ ਸਨ। 52 ਦਿਨਾਂ ਦੀ ਅਮਰਨਾਥ ਯਾਤਰਾ 19 ਅਗਸਤ ਨੂੰ ਸਮਾਪਤ ਹੋਵੇਗੀ।



# ਭਾਰਤ ਭੂਸ਼ਣ ਆਸ਼ੂ ਦੀ ਗ੍ਰਿਫ਼ਤਾਰੀ ਮਗਰੋਂ ਕਾਂਗਰਸ 'ਚ ਖਲਬਲੀ

ਪੰਜਾਬ ਕਾਂਗਰਸ ਦੇ ਪ੍ਰਧਾਨ ਅਤੇ ਲੁਧਿਆਣਾ ਤੋਂ ਮੈਂਬਰ ਪਾਰਲੀਮੈਂਟ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਸਾਬਕਾ ਮੰਤਰੀ ਭਾਰਤ ਭੂਸ਼ਣ ਆਸ਼ੂ ਦੀ ਗ੍ਰਿਫ਼ਤਾਰੀ ਨੂੰ ਬਦਲਾਖੋਰੀ ਦੀ ਰਾਜਨੀਤੀ ਦੱਸਿਆ ਹੈ। ਵੜਿੰਗ ਨੇ ਕਿਹਾ ਹੈ ਕਿ ਈ. ਡੀ. ਵੱਲੋਂ ਭਾਰਤ ਭੂਸ਼ਣ ਆਸ਼ੂ ਨੂੰ ਗ੍ਰਿਫ਼ਤਾਰੀ ਕੀਤੇ ਜਾਣ ਦੀ ਉਹ ਸਖ਼ਤ ਨਿਖੇਧੀ ਕਰਦੇ ਹਨ ਅਸੀ ਇਸ ਘੜੀ ਵਿਚ ਉਨ੍ਹਾ ਦੇ ਨਾਲ ਖੜ੍ਹੇ ਹਾਂ। ਇਹ ਬਦਲਾਖੋਰੀ ਦੀ ਰਾਜਨੀਤੀ ਸਾਨੂੰ ਸੱਚ ਅਤੇ ਨਿਆਂ ਲਈ ਲੜਨ ਤੋਂ ਨਹੀਂ ਰੋਕ ਸਕੇਗੀ। ਵੜਿੰਗ ਨੇ ਕਿਹਾ ਕਿ ਇਹ ਸਾਰਾ ਕਾਰਵਾਈ ਬਦਲਾਖੋਰੀ ਦੀ ਸਿਆਸਤ ਦੇ ਤਹਿਤ ਹੀ ਕੀਤੀ ਜਾ ਰਹੀ ਹੈ। ਸਮੁੱਚੀ ਕਾਂਗਰਸ ਇਕ ਹੈ ਅਤੇ ਆਸ਼ੂ ਦੇ ਨਾਲ ਖੜ੍ਹੀ ਹੈ। ਦੱਸਣਯੋਗ ਹੈ ਕਿ ਲੁਧਿਆਣਾ ਤੋਂ ਸੀਨੀਅਰ ਕਾਂਗਰਸ ਆਗੂ ਅਤੇ ਸਾਬਕਾ ਮੰਤਰੀ ਭਾਰਤ ਭੂਸ਼ਣ ਆਸ਼ੂ ਨੂੰ ਐਨਫੋਰਸਮੈਂਟ ਡਾਇਰੈਕਟੋਰੇਟ (ਈ. ਡੀ) ਨੇ ਜਲੰਧਰ ਦਫ਼ਤਰ ਵਿਚ ਪੁੱਛਗਿੱਛ ਤੋਂ ਬਾਅਦ ਗ੍ਰਿਫ਼ਤਾਰ ਕਰ ਲਿਆ ਸੀ। ਭਾਰਤ ਭੂਸ਼ਣ ਆਸ਼ੂ ਵੀਰਵਾਰ ਨੂੰ ਸਵੇਰੇ ਈ. ਡੀ. ਦਫ਼ਤਰ ਪਹੁੰਚੇ, ਜਿੱਥੇ ਲਗਾਤਾਰ ਪੁੱਛਗਿੱਛ ਮਗਰੋਂ ਦੇਰ ਸ਼ਾਮ ਉਨ੍ਹਾਂ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ। ਸੂਤਰਾਂ ਮੁਤਾਬਕ ਆਸ਼ੂ ਖ਼ਿਲਾਫ਼ ਮਨੀ ਲਾਂਡਰਿੰਗ ਐਕਟ ਤਹਿਤ ਕਾਰਵਾਈ ਕੀਤੀ ਜਾ ਰਹੀ ਹੈ। ਸਾਬਕਾ ਮੰਤਰੀ ਆਸ਼ੂ ਜਦੋਂ ਖੁਰਾਕ ਅਤੇ ਸਿਵਲ ਸਪਲਾਈ ਮੰਤਰੀ ਸਨ ਤਾਂ ਉਨ੍ਹਾਂ 'ਤੇ ਕਰੋੜਾਂ ਰੁਪਏ ਦੇ ਟੈਂਡਰਾਂ 'ਚ ਘਪਲੇ ਦੇ ਦੋਸ਼ ਲੱਗੇ ਸਨ। ਪੰਜਾਬ ਦੀਆਂ ਮੰਡੀਆਂ ਵਿਚ ਲੇਬਰ ਅਤੇ ਟਰਾਂਸਪੋਰਟੇਸ਼ਨ ਦੇ ਟੈਂਡਰਾਂ ਵਿਚ ਵੱਡੇ ਪੱਧਰ 'ਤੇ ਬੇਨਿਯਮੀਆਂ ਸਾਹਮਣੇ ਆਈਆਂ ਸਨ। ਇਸ ਤੋਂ ਬਾਅਦ ਤਲਾਸ਼ੀ ਦੌਰਾਨ ਈਡੀ ਨੂੰ ਕਰੀਬ ਡੇਢ ਕਰੋੜ ਰੁਪਏ ਦੀ ਜਾਇਦਾਦ ਦੇ ਦਸਤਾਵੇਜ਼ ਮਿਲੇ ਸਨ। ਇਸ ਦੌਰਾਨ ਕਰੀਬ 30 ਲੱਖ ਰੁਪਏ ਵੀ ਜ਼ਬਤ ਕੀਤੇ ਗਏ। ਇਹ ਮਾਮਲਾ ਸਭ ਤੋਂ ਪਹਿਲਾਂ ਪੰਜਾਬ ਵਿਜੀਲੈਂਸ ਬਿਊਰੋ ਨੇ ਚੁੱਕਿਆ ਸੀ। ਵਿਜੀਲੈਂਸ ਨੇ ਇਸ ਮਾਮਲੇ ਵਿਚ ਅਦਾਲਤ ਵਿੱਚ ਚਲਾਨ ਵੀ ਪੇਸ਼ ਕੀਤਾ ਹੈ। ਇਸ ਤੋਂ ਬਾਅਦ ਈ. ਡੀ ਨੇ ਇਸ ਮਾਮਲੇ ਨਾਲ ਸਬੰਧਤ ਦਸਤਾਵੇਜ਼ ਮੰਗੇ ਸਨ ਅਤੇ ਆਪਣੇ ਪੱਧਰ 'ਤੇ ਮਾਮਲੇ ਦੀ ਜਾਂਚ ਸ਼ੁਰੂ ਕਰ ਦਿੱਤੀ ਸੀ।

# ਕਿਸਾਨਾਂ ਨੇ ਕੇਂਦਰ ਸਰਕਾਰ ਖ਼ਿਲਾਫ਼ ਦੇਸ਼ ਭਰ 'ਚ ਕੀਤੀ ਨਾਅਰੇਬਾਜ਼ੀ



ਆਪਣੇ ਹੱਕਾਂ ਲਈ ਦਿੱਲੀ ਜਾ ਕੇ ਸੰਘਰਸ਼ ਕਰਨ ਲਈ ਪੱਬਾਂ-ਭਾਰ ਕਿਸਾਨ ਭਰਾਵਾਂ ਨੂੰ ਸ਼ੰਭੂ ਅਤੇ ਖਨੌਰੀ ਬਾਰਡਰ 'ਤੇ ਰੋਕ ਕੇ ਉਨ੍ਹਾਂ 'ਤੇ ਤਸ਼ੱਦਦ ਢਾਹੁਣ ਵਾਲੇ ਪੁਲਸ ਕਰਮਚਾਰੀਆਂ, ਅਧਿਕਾਰੀਆਂ ਨੂੰ ਕੇਂਦਰ ਸਰਕਾਰ ਵੱਲੋਂ ਸਨਮਾਨਿਤ ਕਰਨ ਦੇ ਰੋਸ ਵਜੋਂ ਸਮੁੱਚੇ ਭਾਰਤ 'ਚ ਸੰਯੁਕਤ ਕਿਸਾਨ ਮੋਰਚਾ ਤੇ ਕਿਸਾਨ ਮਜ਼ਦੂਰ ਮੋਰਚਾ ਦੇ ਸੱਦੇ 'ਤੇ ਮੋਦੀ ਸਰਕਾਰ ਦੇ ਜਿਥੇ ਸ਼ੰਭੂ ਤੇ ਖਨੌਰੀ ਬਾਰਡਰ ਵਿਖੇ ਪੁਤਲੇ ਫੂਕ ਕੇ ਜ਼ੋਰਦਾਰ ਨਾਅਰੇਬਾਜ਼ੀ ਕੀਤੀ ਗਈ, ਉੱਥੇ ਦੇਸ਼ ਭਰ 'ਚ ਹਰਿਆਣਾ, ਉੱਤਰ ਪ੍ਰਦੇਸ਼, ਰਾਜਸਥਾਨ, ਮੱਧ ਪ੍ਰਦੇਸ਼, ਬਿਹਾਰ, ਤਾਮਿਲਨਾਡੂ, ਤੇਲਗਨਾ, ਆਂਧਰਾ ਪ੍ਰਦੇਸ਼ ਅਤੇ ਹੋਰ ਰਾਜਾਂ 'ਚ ਵੀ ਦਰਜਨਾਂ ਥਾਵਾਂ 'ਤੇ ਭਾਜਪਾ ਦੇ ਪੁਤਲੇ ਫੂਕ ਕੇ ਨਾਅਰੇਬਾਜ਼ੀ ਕੀਤੀ ਗਈ। ਇਸ ਮੌਕੇ ਕਿਸਾਨ ਨੇਤਾ ਜਗਜੀਤ ਸਿੰਘ ਡੱਲੇਵਾਲ, ਸਰਵਣ ਸਿੰਘ ਪੰਧੇਰ, ਸੁਰਜੀਤ ਸਿੰਘ ਫੂਲ ਤੇ ਹੋਰ ਨੇਤਾਵਾਂ ਨੇ ਦੱਸਿਆ ਕਿ ਦੇਸ਼ ਦੇ ਨਾਗਰਿਕਾਂ 'ਤੇ ਜੁਲਮ ਕਰਨ ਵਾਲੇ ਅਤੇ ਨਿਹੱਥੇ ਲੋਕਾਂ ਦੇ ਕਾਤਲ ਅਫਸਰਾਂ ਦੇ ਨਾਂ ਰਾਸ਼ਟਰਪਤੀ ਐਵਾਰਡ ਲਈ ਸਿਫਾਰਿਸ਼ ਕਰਨ ਦਾ ਮਾੜਾ ਕਾਰਾ ਕਰ ਕੇ ਭਾਜਪਾ ਨੇ ਇਹ ਸਾਬਿਤ ਕਰ ਦਿੱਤਾ ਹੈ ਕਿ ਭਾਰਤ ਅਜਿਹਾ ਪਹਿਲਾ ਦੇਸ਼ ਬਣ ਗਿਆ ਹੈ, ਜਿਸ ਵੱਲੋਂ ਆਪਣੇ ਹੀ ਦੇਸ਼ ਦੇ ਬੇਕਸੂਰ ਨਿਹੱਥੇ ਲੋਕਾਂ ਦੇ ਕਾਤਲ ਅਫਸਰਾਂ ਨੂੰ ਸਨਮਾਨਿਤ ਕੀਤਾ ਜਾਂਦਾ ਹੈ।ਸੰਯੁਕਤ ਕਿਸਾਨ ਮੋਰਚਾ ਅਤੇ ਕਿਸਾਨ ਮਜ਼ਦੂਰ ਮੋਰਚਾ ਦੇ ਕਿਸਾਨ ਆਗੂਆਂ ਨੇ ਕਿਹਾ ਕਿ ਕਿਸੇ ਵੀ ਲੋਕਤਾਂਤਰਿਕ ਦੇਸ਼ 'ਚ ਉਸ ਦੇਸ਼ ਦਾ ਸੰਵਿਧਾਨ ਲੋਕਾਂ ਨੂੰ ਆਪਣੇ ਹੱਕਾਂ ਲਈ ਸ਼ਾਂਤਮਈ ਪ੍ਰਦਰਸ਼ਨ ਕਰਨ ਦਾ ਅਧਿਕਾਰ ਦਿੰਦਾ ਹੈ ਪਰ ਕੇਂਦਰ ਸਰਕਾਰ ਦੇ ਇਸ਼ਾਰੇ ਉੱਪਰ ਹਰਿਆਣਾ ਦੀ ਭਾਜਪਾ ਸਰਕਾਰ ਵੱਲੋਂ ਦਿੱਲੀ ਨੂੰ ਜਾ ਰਹੇ ਆਪਣੇ ਹੀ ਦੇਸ਼ ਦੇ ਨਾਗਰਿਕਾਂ 'ਤੇ ਖਨੌਰੀ ਅਤੇ ਸ਼ੰਭੂ ਬਾਰਡਰ 'ਤੇ 13, 14 ਅਤੇ 21 ਫਰਵਰੀ ਨੂੰ ਅਣਮਨੁੱਖੀ ਅੱਤਿਆਚਾਰ ਕਰਦਿਆਂ ਉਨ੍ਹਾਂ ਕੈਮੀਕਲ ਵਾਲੇ ਹਥਿਆਰਾਂ ਦਾ ਇਸਤੇਮਾਲ ਕੀਤਾ ਗਿਆ, ਜਿਨ੍ਹਾਂ ਦੇ ਇਸਤੇਮਾਲ ਦੀ ਇਜ਼ਾਜਤ ਕੋਈ ਵੀ ਅੰਤਰਰਾਸ਼ਟਰੀ ਕਾਨੂੰਨ ਨਹੀਂ ਦਿੰਦਾ ਹੈ। ਕਿਸਾਨ ਆਗੂਆਂ ਨੇ ਰਾਸ਼ਟਰਪਤੀ ਅਤੇ ਸੁਪਰੀਮ ਕੋਰਟ ਨੂੰ ਅਪੀਲ ਕਰਦਿਆਂ ਕਿਹਾ ਕਿ ਉਹ ਖੁਦ ਇਸ ਮੁੱਦੇ ਉੱਪਰ ਸੂ ਮੋਟੋ ਨੋਟਿਸ ਲੈਂਦੇ ਹੋਏ ਜੁਡੀਸ਼ੀਅਲੀ ਜਾਂਚ ਕਰਵਾਏ ਕਿਉਂਕਿ ਜਿੰਨਾ ਹਰਿਆਣਾ ਸਰਕਾਰ ਦੇ ਪੁਲਸ ਮੁਲਾਜ਼ਮਾਂ ਵੱਲੋਂ ਲੋਕਾਂ ਉੱਪਰ ਅਣਮਨੁੱਖੀ ਅੱਤਿਆਚਾਰ ਕੀਤਾ ਗਿਆ ਹੈ ਅਤੇ ਸ਼ੁਭਕਰਨ ਸਿੰਘ ਨੂੰ ਗੋਲੀ ਮਾਰ ਕੇ ਸ਼ਹੀਦ ਕੀਤਾ ਗਿਆ, ਉਨ੍ਹਾਂ ਪੁਲਸ ਮੁਲਾਜ਼ਮਾਂ ਕੋਲੋਂ ਇਨਸਾਫ ਦੀ ਉਮੀਦ ਨਹੀਂ ਕੀਤੀ ਜਾ ਸਕਦੀ। ਕਿਸਾਨ ਆਗੂਆਂ ਨੇ ਦੱਸਿਆ ਕਿ ਮੋਰਚੇ ਵੱਲੋਂ 15 ਅਗਸਤ ਨੂੰ ਦੇਸ਼ ਭਰ 'ਚ ਟਰੈਕਟਰ ਮਾਰਚ ਕੀਤਾ ਜਾਵੇਗਾ। ਕੇਂਦਰ ਸਰਕਾਰ ਵੱਲੋਂ ਲੋਕਾਂ ਦੀ ਆਜ਼ਾਦੀ ਖੋਹਣ ਲਈ ਲਿਆਂਦੇ ਗਏ 3 ਕਾਨੂੰਨਾਂ ਦੀਆਂ ਕਾਪੀਆਂ ਸਾੜੀਆਂ ਜਾਣਗੀਆਂ ਅਤੇ 31 ਅਗਸਤ ਨੂੰ ਬਾਰਡਰਾਂ ਉੱਪਰ ਮੋਰਚੇ ਦੇ 200 ਦਿਨ ਪੂਰੇ ਹੋਣ 'ਤੇ ਵੱਡੇ ਇਕੱਠ ਕੀਤੇ ਜਾਣਗੇ ਅਤੇ 1 ਸਤੰਬਰ ਤੋਂ ਲੈ ਕੇ 22 ਸਤੰਬਰ ਤੱਕ ਯੂ. ਪੀ. ਅਤੇ ਹਰਿਆਣਾ 'ਚ ਮੋਰਚੇ ਨੂੰ ਮਜ਼ਬੂਤ ਕਰਨ ਵੱਡੀਆਂ ਕਿਸਾਨ ਮਹਾ-ਪੰਚਾਇਤਾਂ ਕੀਤੀਆਂ ਜਾਣਗੀਆਂ।

# ਪੰਜਾਬ ਤੋਂ ਸਿੰਗਾਪੁਰ, ਅਯੁੱਧਿਆ, ਨਾਂਦੇੜ ਤੇ ਸ੍ਰੀਨਗਰ ਲਈ ਸ਼ੁਰੂ ਹੋਣਗੀਆਂ ਉਡਾਣਾਂ



ਅਥਾਰਟੀ ਦੀਆਂ ਲਗਾਤਾਰ ਕੋਸ਼ਿਸ਼ਾਂ ਤੋਂ ਬਾਅਦ ਸ਼ਹੀਦ ਭਗਤ ਸਿੰਘ ਅੰਤਰਰਾਸ਼ਟਰੀ ਹਵਾਈ ਅੱਡੇ ਚੰਡੀਗੜ੍ਹ ਤੋਂ ਸਿੰਗਾਪੁਰ ਲਈ ਸਿੱਧੀ ਉਡਾਣ ਨੂੰ ਸਰਦੀਆਂ ਦੇ ਸ਼ਡਿਊਲ 'ਚ ਸ਼ਾਮਲ ਕੀਤਾ ਜਾਵੇਗਾ। ਏਅਰਪੋਰਟ ਅਥਾਰਟੀ ਨੇ ਮਈ 'ਚ ਏਅਰਲਾਈਨਜ਼ ਨੂੰ ਪੱਤਰ ਲਿਖ ਕੇ ਅੰਤਰਰਾਸ਼ਟਰੀ ਉਡਾਣਾਂ ਸ਼ੁਰੂ ਕਰਨ ਲਈ ਕਿਹਾ ਸੀ। ਇਸ ਤੋਂ ਬਾਅਦ ਸਿੰਗਾਪੁਰ ਦੀਆਂ ਦੋ ਏਅਰਲਾਈਨਾਂ ਉਡਾਣਾਂ ਸ਼ੁਰੂ ਕਰਨ ਲਈ ਤਿਆਰ ਹੋ ਚੁੱਕਿਆਂ ਹਨ। ਅਕਤੂਬਰ 'ਚ ਇਨ੍ਹਾਂ ਉਡਾਣਾਂ ਨੂੰ ਚਲਾਉਣ ਲਈ ਹਾਮੀ ਭਰੀ ਹੈ। ਏਅਰਲਾਈਨ ਨੇ ਯਾਤਰੀਆਂ ਦੀ ਗਿਣਤੀ ਨੂੰ ਲੈ ਕੇ ਸਰਵੇ ਵੀ ਕੀਤਾ ਹੈ। ਅਧਿਕਾਰੀਆਂ ਦਾ ਕਹਿਣਾ ਹੈ ਕਿ ਸਰਵੇਖਣ 'ਚ ਲੋਕਾਂ ਵੱਲੋਂ ਚੰਗਾ ਹੁੰਗਾਰਾ ਮਿਲਿਆ ਹੈ। ਦੋ ਏਅਰਲਾਈਨਜ਼ ਕੰਪਨੀਆਂ ਵਿਸਤਾਰਾ ਤੇ ਇੰਡੀਗੋ ਆਪਣੀਆਂ ਉਡਾਣਾਂ ਸ਼ੁਰੂ ਕਰਨਗੀਆਂ। ਪੱਤਰ ਲਿਖਣ ਤੋਂ ਬਾਅਦ ਦੋਵੇਂ ਏਅਰਲਾਈਨਾਂ ਸਰਦੀਆਂ ਦੇ ਸ਼ਡਿਊਲ 'ਚ ਉਡਾਣਾਂ ਚਲਾਉਣ ਲਈ ਰਾਜ਼ੀ ਹੋ ਗਈਆਂ ਹਨ। ਇਸ ਸਬੰਧੀ ਪ੍ਰਕਿਰਿਆ ਸ਼ੁਰੂ ਕਰ ਦਿੱਤੀ ਗਈ ਹੈ, ਕਿਉਂਕਿ ਕਿਸੇ ਵੀ ਅੰਤਰਰਾਸ਼ਟਰੀ ਉਡਾਣ ਨੂੰ ਚਲਾਉਣ ਲਈ ਪ੍ਰਕਿਰਿਆ ਨੂੰ ਪੂਰਾ ਕਰਨ 'ਚ 2 ਤੋਂ 3 ਮਹੀਨੇ ਦਾ ਸਮਾਂ ਲੱਗਦਾ ਹੈ।ਅੰਤਰਰਾਸ਼ਟਰੀ ਉਡਾਣਾਂ ਨਾਲ ਹੀ ਤਿੰਨ ਨਵੀਆਂ ਘਰੇਲੂ ਉਡਾਣਾਂ ਵੀ ਸ਼ੁਰੂ ਹੋਣਗੀਆਂ, ਜਿਨ੍ਹਾਂ 'ਚ ਅਯੁੱਧਿਆ, ਨਾਂਦੇੜ ਤੇ ਸ੍ਰੀਨਗਰ ਸ਼ਾਮਲ ਹਨ। ਅਧਿਕਾਰੀ ਨੇ ਦੱਸਿਆ ਕਿ ਇਹ ਤਿੰਨੋਂ ਉਡਾਣਾਂ ਵੀ ਸਰਦੀਆਂ ਦੇ ਸ਼ਡਿਊਲ 'ਚ ਸ਼ੁਰੂ ਕੀਤੀਆਂ ਜਾਣਗੀਆਂ, ਕਿਉਂਕਿ ਨਾਂਦੇੜ ਲਈ ਪੰਜਾਬ ਦੇ ਲੋਕਾਂ ਵੱਲੋਂ ਜ਼ਿਆਦਾ ਮੰਗ ਹੈ। ਉੱਥੇ ਹੀ ਅਯੁੱਧਿਆ ਲਈ ਵੀ ਮੰਗ ਵੱਧ ਰਹੀ ਹੈ। ਅਜਿਹੇ 'ਚ ਇੰਡੀਗੋ ਤੇ ਵਿਸਤਾਰਾ ਨੇ ਇੱਥੇ ਉਡਾਣਾਂ ਚਲਾਉਣ ਲਈ ਸਹਿਮਤੀ ਪ੍ਰਗਟਾਈ ਹੈ। ਹਵਾਈ ਅੱਡੇ ਦੇ ਅਧਿਕਾਰੀਆਂ ਦਾ ਕਹਿਣਾ ਹੈ ਕਿ ਉਡਾਣਾਂ ਸ਼ੁਰੂ ਕਰਨ ਤੋਂ ਪਹਿਲਾਂ ਏਅਰਲਾਈਨਾਂ ਫੁੱਟਫਾਲ ਬਾਰੇ ਸਰਵੇਖਣ ਕਰਵਾਉਂਦੀਆਂ ਹਨ। ਏਅਰਲਾਈਨਜ਼ ਦਾ ਸਰਵੇ ਦਾ ਕੰਮ ਪੂਰਾ ਹੋ ਚੁੱਕਾ ਹੈ। ਯਾਤਰੀ ਫੁਟਫੱਲ ਦਾ ਸਰਵੇਖਣ ਚੰਗਾ ਰਿਹਾ ਹੈ। ਇਸ ਲਈ ਉਮੀਦ ਕੀਤੀ ਜਾਂਦੀ ਹੈ ਕਿ ਜਲਦ ਹੀ ਸਾਰੀਆਂ ਚਾਰ ਉਡਾਣਾਂ ਸ਼ੁਰੂ ਹੋ ਜਾਣਗੀਆਂ।ਅੰਤਰਰਾਸ਼ਟਰੀ ਹਵਾਈ ਅੱਡੇ ਦੇ ਸੀ.ਈ.ਓ. ਅਜੈ ਵਰਮਾ ਨੇ ਦੱਸਿਆ ਕਿ ਸਿੰਗਾਪੁਰ ਲਈ ਅੰਤਰਰਾਸ਼ਟਰੀ ਉਡਾਣਾਂ ਸ਼ੁਰੂ ਕਰਨ ਲਈ ਦੋ ਏਅਰਲਾਈਨਾਂ ਨੇ ਹਾਮੀ ਭਰੀ ਹੈ। ਉਮੀਦ ਹੈ ਕਿ ਉਡਾਣਾਂ ਅਕਤੂਬਰ ਵਿਚ ਸ਼ੁਰੂ ਹੋ ਜਾਣਗੀਆਂ।

# ਮਕਸੂਦਾਂ ਸਬਜ਼ੀ ਮੰਡੀ ਨੇੜਿਓਂ 50 ਲੱਖ ਦੀ ਹਵਾਲਾ ਰਕਮ ਸਣੇ 2 ਗ੍ਰਿਫ਼ਤਾਰ



ਕਮਿਸ਼ਨਰੇਟ ਪੁਲਸ ਨੇ ਮਕਸੂਦਾਂ ਸਬਜ਼ੀ ਮੰਡੀ ਦੇ ਕੋਲੋਂ 50 ਲੱਖ ਰੁਪਏ ਨਾਲੋਂ ਵੀ ਜ਼ਿਆਦਾ ਦੀ ਹਵਾਲਾ ਰਕਮ ਫੜੀ ਹੈ। ਪੁਲਸ ਨੇ ਹਵਾਲਾ ਰਕਮ ਦੇ ਨਾਲ 2 ਲੋਕਾਂ ਨੂੰ ਵੀ ਗ੍ਰਿਫ਼ਤਾਰ ਕੀਤਾ ਹੈ, ਜੋ ਜਲੰਧਰ ਦੇ ਹੀ ਹਨ ਪਰ ਇਹ ਨੈੱਟਵਰਕ ਰਾਜਸਥਾਨ ਤੋਂ ਚਲਾਇਆ ਜਾ ਰਿਹਾ ਹੈ। ਕਮਿਸ਼ਨਰੇਟ ਪੁਲਸ ਫਿਲਹਾਲ ਇਸ ਮਾਮਲੇ ਤੋਂ ਪਰਦਾ ਨਹੀਂ ਚੁੱਕ ਰਹੀ। ਆਉਣ ਵਾਲੇ ਦਿਨਾਂ 'ਚ ਪੁਲਸ ਦੇ ਉੱਚ ਅਧਿਕਾਰੀ ਪ੍ਰੈੱਸ ਕਾਨਫ਼ਰੰਸ ਕਰਕੇ ਇਸ ਦੀ ਪੁਸ਼ਟੀ ਕਰ ਸਕਦੇ ਹਨ। ਸੂਤਰਾਂ ਦੀ ਮੰਨੀਏ ਤਾਂ ਪੁਲਸ ਨੇ ਗੁਪਤ ਸੂਚਨਾ ਦੇ ਆਧਾਰ 'ਤੇ ਮਕਸੂਦਾਂ ਸਬਜ਼ੀ ਮੰਡੀ ਕੋਲ ਨਾਕਾਬੰਦੀ ਦੌਰਾਨ ਇਕ ਗੱਡੀ ਨੂੰ ਰੋਕਿਆ ਸੀ। ਪੁਲਸ ਨੂੰ ਵੇਖ ਕੇ ਗੱਡੀ 'ਚ ਸਵਾਰ ਦੋਵੇਂ ਲੋਕ ਸਹਿਮ ਗਏ। ਸ਼ੱਕ ਪੈਣ 'ਤੇ ਗੱਡੀ ਦੀ ਤਲਾਸ਼ੀ ਲਈ ਗਈ ਤਾਂ ਇਕ ਬੈਗ 'ਚੋਂ 50 ਲੱਖ ਰੁਪਏ ਕੈਸ਼ ਮਿਲਿਆ। ਜ਼ਿਆਦਾਤਰ ਕੈਸ਼ 500-500 ਰੁਪਏ ਦੇ ਨੋਟ ਸਨ।ਮੁਲਜ਼ਮਾਂ ਨੇ ਮੰਨਿਆ ਕਿ ਉਨ੍ਹਾਂ ਦਾ ਹੈਂਡਲਰ ਰਾਜਸਥਾਨ ਤੋਂ ਹੈ। ਉਹ ਕਾਫ਼ੀ ਲੰਬੇ ਸਮੇਂ ਤੋਂ ਇਸ ਨੈੱਟਵਰਕ ਨਾਲ ਜੁੜੇ ਹੋਏ ਸਨ ਅਤੇ ਹਵਾਲਾ ਰਕਮ ਇਧਰ ਤੋਂ ਓਧਰ ਕੀਤੀ ਜਾਂਦੀ ਸੀ। ਹਵਾਲਾ ਰਕਮ ਕਿਹੜੇ ਕੰਮਾਂ ਲਈ ਇਸਤੇਮਾਲ ਹੁੰਦੀ ਸੀ ਇਹ ਹੁਣ ਵੀ ਜਾਂਚ ਦਾ ਹਿੱਸਾ ਹੈ। ਸੂਤਰਾਂ ਦੀ ਮੰਨੀਏ ਤਾਂ ਸ਼ਹਿਰ ਦੇ ਕਈ ਨਾਮਵਰ ਲੋਕ ਇਸ ਨੈੱਟਵਰਕ ਨਾਲ ਜੁੜੇ ਹੋਏ ਹਨ, ਜਿਨ੍ਹਾਂ ਦੇ ਨਾਂ ਵੀ ਪੁਲਸ ਜਲਦੀ ਹੀ ਉਜਾਗਰ ਕਰੇਗੀ। ਦੱਸ ਦੇਈਏ ਕਿ ਕੁਝ ਦਿਨਾਂ ਪਹਿਲਾਂ ਥਾਣਾ ਨਵੀਂ ਬਾਰਾਦਰੀ ਦੀ ਪੁਲਸ ਨੇ ਵੀ ਬਸ਼ੀਰਪੁਰਾ ਟੀ-ਪੁਆਇੰਟ 'ਤੇ ਕਾਲੇ ਰੰਗ ਦੀ ਕ੍ਰੇਟਾ ਗੱਡੀ 'ਚ ਸਵਾਰ ਪੁਨੀਤ ਸੂਟ ਉਰਫ਼ ਗਾਂਧੀ ਰਾਮ ਦੇਵ ਨਿਵਾਸੀ ਕਟੜਾ ਮੁਹੱਲਾ ਹੁਸ਼ਿਆਰਪੁਰ ਨੂੰ ਗ੍ਰਿਫ਼ਤਾਰ ਕੀਤਾ ਸੀ। ਉਸ 'ਚੋਂ 2 ਕਰੋੜ 93 ਲੱਖ 5800 ਰੁਪਏ ਦੀ ਭਾਰਤੀ ਕਰੰਸੀ ਅਤੇ 3100 ਯੂ. ਐੱਸ. ਡਾਲਰ ਮਿਲੇ ਸਨ।ਮੁਲਜ਼ਮ ਨੇ ਮੰਨਿਆ ਸੀ ਕਿ ਉਹ ਹਵਾਲਾ ਰਕਮ ਕਾਰੋਬਾਰ ਨਾਲ ਜੁੜਿਆ ਹੈ ਤੇ ਇਹ ਰਕਮ ਦਿੱਲੀ ਤੋਂ ਆਈ ਸੀ, ਜਿਸ ਨੂੰ ਲੈ ਕੇ ਉਸ ਨੇ ਹੁਸ਼ਿਆਰਪੁਰ ਜਾਣਾ ਸੀ। ਮੁਲਜ਼ਮ ਪਹਿਲਾਂ ਹੀ 10 ਕਰੋੜ ਰੁਪਏ ਦੀ ਹਵਾਲਾ ਰਕਮ ਦੇ ਨਾਲ ਦਿੱਲੀ ਏਅਰਪੋਰਟ 'ਤੇ ਫੜਿਆ ਗਿਆ ਸੀ। ਗਾਂਧੀ ਕਾਫ਼ੀ ਲੰਬੇ ਸਮੇਂ ਤੋਂ ਹੁਸ਼ਿਆਰਪੁਰ 'ਚ ਵੈਸਟਰਨ ਯੂਨੀਅਨ ਦਾ ਕੰਮ ਕਰ ਰਿਹਾ ਸੀ। ਮੁਲਜ਼ਮ ਖ਼ਿਲਾਫ਼ ਥਾਣਾ ਨਵੀਂ ਬਾਰਾਦਰੀ 'ਚ ਕੇਸ ਦਰਜ ਕੀਤਾ ਗਿਆ ਸੀ।

# ਬਠਿੰਡਾ 'ਚ ਭਾਰੀ ਮੀਂਹ ਕਾਰਨ ਡਿੱਗੀ ਮਕਾਨਾਂ ਦੀ ਛੱਤ, ਜਾਨੀ ਨੁਕਸਾਨ ਤੋਂ ਹੋਇਆ ਬਚਾਅ



ਲੋਕ ਨਿਰਮਾਣ ਮੰਤਰੀ ਹਰਭਜਨ ਸਿੰਘ ਈ. ਟੀ. ਓ. ਨੇ ਕੌਮੀ ਰਾਜਮਾਰਗਾਂ ਲਈ ਜ਼ਮੀਨ ਐਕਵਾਇਰ ਦੀ ਸਥਿਤੀ ਦਾ ਜਾਇਜ਼ਾ ਲੈਣ ਲਈ ਸੂਬੇ ਭਰ ਦੇ ਉਪ ਮੰਡਲ ਮੈਜਿਸਟ੍ਰੇਟਾਂ (ਐੱਸ. ਡੀ. ਐੱਮਜ਼) ਤੇ ਜ਼ਿਲ੍ਹਾ ਮਾਲ ਅਫ਼ਸਰਾਂ (ਡੀ. ਆਰ. ਓਜ਼) ਨਾਲ ਮੀਟਿੰਗ ਕੀਤੀ। ਤਿੰਨ ਘੰਟੇ ਤੋਂ ਵੀ ਲੰਬੀ ਚੱਲੀ ਇਸ ਮੀਟਿੰਗ ਦੌਰਾਨ ਉਨ੍ਹਾਂ ਨੇ ਲੋਕ ਨਿਰਮਾਣ ਵਿਭਾਗ ਦੇ ਸਕੱਤਰ ਪ੍ਰਿਯੰਕ ਭਾਰਤੀ, ਚੀਫ ਇੰਜੀਨੀਅਰ, ਨੈਸ਼ਨਲ ਹਾਈਵੇਜ਼, ਪੰਜਾਬ ਪੀ. ਡਬਲਯੂ. ਡੀ. (ਬੀ. ਐਂਡ. ਆਰ.) ਜੇ. ਐੱਸ. ਤੁੰਗ ਤੇ ਐੱਨ. ਐੱਚ. ਏ. ਆਈ., ਚੰਡੀਗੜ੍ਹ ਦੇ ਆਰ. ਓ. ਵਿਪਨੇਸ਼ ਸ਼ਰਮਾ ਨਾਲ ਚੱਲ ਰਹੇ ਪ੍ਰਾਜੈਕਟਾਂ ਦੀ ਪ੍ਰਗਤੀ ਦੀ ਸਮੀਖਿਆ ਕੀਤੀ ਤੇ ਕੌਮੀ ਰਾਜਮਾਰਗਾਂ ਲਈ ਜ਼ਮੀਨ ਪ੍ਰਾਪਤੀ ਦੌਰਾਨ ਦਰਪੇਸ਼ ਚੁਣੌਤੀਆਂ ਨੂੰ ਦੂਰ ਕਰਨ ਲਈ ਰਣਨੀਤੀ 'ਤੇ ਚਰਚਾ ਕੀਤੀ। ਉਨ੍ਹਾਂ ਨੇ ਕੌਮੀ ਰਾਜਮਾਰਗਾਂ ਦੇ ਪ੍ਰਾਜੈਕਟਾਂ ਨੂੰ ਸਮੇਂ ਸਿਰ ਮੁਕੰਮਲ ਕਰਨ ਨੂੰ ਯਕੀਨੀ ਬਣਾਉਣ ਲਈ ਜ਼ਮੀਨ ਐਕਵਾਇਰ ਕਰਨ ਦੀ ਪ੍ਰਕਿਰਿਆ ਨੂੰ ਤੇਜ਼ ਕਰਨ ਦੀ ਮਹੱਤਤਾ 'ਤੇ ਜ਼ੋਰ ਦਿੱਤਾ। ਉਨ੍ਹਾਂ ਨੇ ਐੱਸ. ਡੀ.ਐੱਮਜ਼ ਨੂੰ ਹਦਾਇਤ ਕੀਤੀ ਕਿ ਉਹ ਲਟਕੇ ਮਸਲਿਆਂ ਦਾ ਜਲਦੀ ਹੱਲ ਕਰਨ ਦੇ ਨਾਲ-ਨਾਲ ਜ਼ਮੀਨ ਮਾਲਕਾਂ ਨੂੰ ਉਚਿਤ ਮੁਆਵਜ਼ਾ ਮਿਲਣਾ ਯਕੀਨੀ ਬਣਾਉਣ। ਉਨ੍ਹਾਂ ਕਿਹਾ ਕਿ ਇਹ ਸਮੀਖਿਆ ਮੀਟਿੰਗ ਜਲਦੀ ਹੀ ਅਗਲੀ ਬੁਲਾਈ ਜਾਣ ਵਾਲੀ ਮੀਟਿੰਗ ਦੌਰਾਨ ਕਾਰਗੁਜ਼ਾਰੀ ਦੇ ਮੁਲਾਂਕਣ ਲਈ ਬੈਂਚਮਾਰਕ ਵਜੋਂ ਕੰਮ ਕਰੇਗੀ। ਉਨ੍ਹਾਂ ਕਿਹਾ ਕਿ ਸਰਕਾਰ ਬੁਨਿਆਦੀ ਢਾਂਚੇ ਦੇ ਵਿਕਾਸ 'ਚ ਤੇਜ਼ੀ ਲਿਆਉਣ ਤੇ ਕੌਮੀ ਰਾਜਮਾਰਗਾਂ ਰਾਹੀਂ ਸੰਪਰਕ ਵਧਾਉਣ ਲਈ ਆਪਣੀ ਵਚਨਬੱਧਤਾ 'ਤੇ ਅਡੋਲ ਹੈ। ਉਨ੍ਹਾਂ ਕਿਹਾ ਕਿ ਬਿਨਾਂ ਸ਼ੱਕ ਜ਼ਮੀਨ ਪ੍ਰਾਪਤ ਕਰਨ ਵਿਚ ਸੂਬਾ ਸਰਕਾਰ ਦੀ ਸਫਲਤਾ ਇਨ੍ਹਾਂ ਪ੍ਰਾਜੈਕਟਾਂ ਨੂੰ ਨਿਰਵਿਘਨ ਅਮਲ ਵਿਚ ਲਿਆਉਣ ਲਈ ਰਾਹ ਪੱਧਰਾ ਕਰੇਗੀ, ਜਿਸ ਨਾਲ ਪੰਜਾਬ ਦੇ ਲੋਕਾਂ ਨੂੰ ਵੱਡਾ ਲਾਭ ਪਹੁੰਚੇਗਾ।

# ਤੇਜ਼ ਰਫ਼ਤਾਰ ਕਾਰ ਨੇ ਮਾਰੀ ਮੋਟਰਸਾਈਕਲਾਂ ਨੂੰ ਟੱਕਰ

ਬੁੱਧਵਾਰ ਦੇਰ ਰਾਤ ਲਾਂਡਰਾਂ-ਚੁੰਨੀ ਰੋਡ 'ਤੇ ਪਿੰਡ ਮਜਾਤ ਲਾਗੇ ਤੇਜ਼ ਰਫ਼ਤਾਰ ਕਾਰ ਦੀ ਟੱਕਰ ਨਾਲ ਮੋਟਰਸਾਈਕਲ ਸਵਾਰ 2 ਨੌਜਵਾਨਾਂ ਦੀ ਮੌਤ ਹੋ ਗਈ ਜਦਕਿ 2 ਹੋਰ ਗੰਭੀਰ ਜ਼ਖ਼ਮੀ ਹੋ ਗਏ। ਮਜਾਤ ਪੁਲਸ ਨੇ ਹਾਦਸੇ ਲਈ ਜ਼ਿੰਮੇਵਾਰ ਦੱਸੇ ਜਾ ਰਹੇ ਕਾਰ ਚਾਲਕ ਜਸਵੀਰ ਸਿੰਘ ਵਾਸੀ ਪਿੰਡ ਮਜਾਤੜੀ ਖ਼ਿਲਾਫ਼ ਮਾਮਲਾ ਦਰਜ ਕਰਕੇ ਉਸ ਨੂੰ ਗ੍ਰਿਫ਼ਤਾਰ ਕਰ ਲਿਆ ਹੈ। ਪੁਲਸ ਨੂੰ ਦਿੱਤੇ ਬਿਆਨਾਂ 'ਚ ਗੁਰਪ੍ਰੀਤ ਸਿੰਘ ਵਾਸੀ ਪਿੰਡ ਮਜਾਤੜੀ ਨੇ ਦੱਸਿਆ ਕਿ ਉਹ ਆਪਣੇ ਮੋਟਰਸਾਈਕਲ 'ਤੇ ਆਪਣੇ ਹੀ ਪਿੰਡ ਦੇ ਸੁਖਵਿੰਦਰ ਸਿੰਘ ਨਾਲ ਪਿੰਡ ਨੂੰ ਆ ਰਿਹਾ ਸੀ। ਉਨ੍ਹਾਂ ਦੇ ਹੀ ਪਿੱਛੇ ਸੁਖਚੈਨ ਸਿੰਘ ਵਾਸੀ ਪਿੰਡ ਮੱਕੜਿਆਂ ਤੇ ਜਸਪ੍ਰੀਤ ਸਿੰਘ ਵਾਸੀ ਝੰਜੇੜੀ ਮੋਟਰਸਾਈਕਲ 'ਤੇ ਹੀ ਆ ਰਹੇ ਸਨ। ਜਿਉਂ ਹੀ ਉਹ ਸਕੀਲਾ ਫਾਰਮ ਨੇੜੇ ਪੁੱਜੇ ਤਾਂ ਪਿੱਛੇ ਆ ਰਹੇ ਮੋਟਰਸਾਈਕਲ ਸਵਾਰਾਂ ਨੂੰ ਤੇਜ਼ ਰਫ਼ਤਾਰ ਕਾਰ ਚਾਲਕ ਨੇ ਜ਼ੋਰਦਾਰ ਟੱਕਰ ਮਾਰ ਦਿੱਤੀ। ਉਨ੍ਹਾਂ ਨੂੰ ਟੱਕਰ ਮਾਰਨ ਪਿੱਛੋਂ ਕਾਰ ਚਾਲਕ ਨੇ ਉਨ੍ਹਾਂ ਦੇ ਮੋਟਰਸਾਈਕਲ ਨੂੰ ਵੀ ਟੱਕਰ ਮਾਰ ਦਿੱਤੀ।ਹਾਦਸੇ 'ਚ ਸੁਖਵਿੰਦਰ ਸਿੰਘ (20) ਅਤੇ ਜਸਪ੍ਰੀਤ ਸਿੰਘ (23) ਦੋਵਾਂ ਦੀ ਵੀ ਮੌਕੇ 'ਤੇ ਹੀ ਮੌਤ ਹੋ ਗਈ, ਜਦਕਿ ਸੁਖਚੈਨ ਸਿੰਘ ਤੇ ਗੁਰਪ੍ਰੀਤ ਸਿੰਘ ਗੰਭੀਰ ਜ਼ਖਮੀ ਹੋ ਗਏ। ਮਾਮਲੇ ਦੀ ਅਗਲੇਰੀ ਜਾਂਚ ਪੁਲਸ ਨੇ ਸ਼ੁਰੂ ਕਰ ਦਿੱਤੀ ਹੈ।



# ਸਲਮਾਨ ਨੂੰ ਮਾਰਨ ਲਈ ਇਸ ਗੈਂਗ ਨੇ 6 ਸ਼ੂਟਰਾਂ ਨੂੰ 20 ਲੱਖ ਦੀ ਦਿੱਤੀ ਸੀ ਫਿਰੌਤੀ



ਅਪ੍ਰੈਲ 2024 'ਚ ਮੋਟਰਸਾਈਕਲ ਸਵਾਰ ਦੋ ਵਿਅਕਤੀਆਂ ਨੇ ਬਾਂਦਰਾ ਦੇ ਗਲੈਕਸੀ ਅਪਾਰਟਮੈਂਟ 'ਚ ਸਲਮਾਨ ਖ਼ਾਨ ਦੇ ਘਰ 'ਤੇ ਗੋਲੀਬਾਰੀ ਕੀਤੀ ਸੀ। ਹਾਲਾਂਕਿ ਅਦਾਕਾਰ ਘਰ 'ਤੇ ਸੀ ਪਰ ਉਸ ਨੂੰ ਕੋਈ ਨੁਕਸਾਨ ਨਹੀਂ ਪਹੁੰਚਿਆ। ਸਲਮਾਨ ਨੂੰ 'Y' ਸ਼੍ਰੇਣੀ ਦੀ ਸੁਰੱਖਿਆ ਮਿਲਣ ਦੇ ਬਾਵਜੂਦ ਗੋਲੀਬਾਰੀ ਦੇ ਸਮੇਂ ਕੋਈ ਕਾਂਸਟੇਬਲ ਮੌਜੂਦ ਨਹੀਂ ਸੀ। ਕਈ ਸ਼ੱਕੀਆਂ ਨੂੰ ਗ੍ਰਿਫਤਾਰ ਕਰ ਲਿਆ ਗਿਆ ਹੈ ਅਤੇ ਪੁੱਛਗਿੱਛ ਜਾਰੀ ਹੈ। ਮਾਮਲੇ 'ਚ ਇਕ-ਇਕ ਕਰਕੇ ਖੁਲਾਸੇ ਵੀ ਹੋ ਰਹੇ ਹਨ। ਹੁਣ ਨਵੀਂ ਅਪਡੇਟ 'ਚ ਖੁਲਾਸਾ ਹੋਇਆ ਹੈ ਕਿ ਲਾਰੇਂਸ ਬਿਸ਼ਨੋਈ ਨੇ ਸਲਮਾਨ ਨੂੰ ਮਾਰਨ ਲਈ 6 ਲੋਕਾਂ ਨੂੰ 20 ਲੱਖ ਰੁਪਏ ਦਿੱਤੇ ਸਨ।ਜ਼ਿਕਰਯੋਗ ਹੈ ਕਿ ਇਹ ਅਪਡੇਟ ਲਾਰੇਂਸ ਦੇ ਭਰਾ ਅਨਮੋਲ ਬਿਸ਼ਨੋਈ ਅਤੇ ਬਿਸ਼ਨੋਈ ਗੈਂਗ ਦੇ ਕਥਿਤ ਮੈਂਬਰ ਰੋਹਿਤ ਗੋਡੇਰਾ ਦੇ ਖਿਲਾਫ ਮੁੰਬਈ ਦੀ ਵਿਸ਼ੇਸ਼ ਅਦਾਲਤ 'ਚ ਗੈਰ-ਜ਼ਮਾਨਤੀ ਵਾਰੰਟ ਜਾਰੀ ਕੀਤੇ ਜਾਣ ਤੋਂ ਬਾਅਦ ਆਈ ਹੈ। ਪਰ ਇਹ ਚਾਰਜਸ਼ੀਟ ਦਾਖਲ ਹੋਣ ਤੋਂ ਬਾਅਦ ਅਨਮੋਲ ਅਤੇ ਰੋਹਿਤ ਦੋਵੇਂ ਮੁੰਬਈ ਤੋਂ ਫਰਾਰ ਹਨ। ਮਹਾਰਾਸ਼ਟਰ ਸੰਗਠਿਤ ਅਪਰਾਧ ਕਾਨੂੰਨ (ਮਕੋਕਾ) ਦੇ ਮਾਮਲਿਆਂ ਦੇ ਵਿਸ਼ੇਸ਼ ਜੱਜ ਬੀਡੀ ਸ਼ੈਲਕੇ ਨੇ 27 ਜੁਲਾਈ, 2024 ਨੂੰ ਅਨਮੋਲ ਅਤੇ ਗੋਡੇਰਾ ਵਿਰੁੱਧ ਸਥਾਈ ਗੈਰ-ਜ਼ਮਾਨਤੀ ਵਾਰੰਟ ਜਾਰੀ ਕੀਤੇ ਸਨ। ਦੱਸ ਦਈਏ ਕਿ ਚਾਰਜਸ਼ੀਟ 'ਚ ਜ਼ਿਕਰ ਕੀਤਾ ਗਿਆ ਹੈ ਕਿ ਅਨਮੋਲ ਨੇ ਸ਼ੂਟਰਾਂ ਨੂੰ ਕਿਹਾ ਸੀ ਕਿ ਉਹ ਕੰਮ ਚੰਗੀ ਤਰ੍ਹਾਂ ਕਰਨ ਕਿਉਂਕਿ ਉਹ ਇਸ ਨਾਲ ਇਤਿਹਾਸ ਲਿਖਣਗੇ। ਇਸ 1735 ਪੰਨਿਆਂ ਦੀ ਚਾਰਜਸ਼ੀਟ ਅਨੁਸਾਰ ਗੋਲੀ ਚਲਾਉਣ ਵਾਲਿਆਂ ਨੂੰ ਇਹ ਵੀ ਕਿਹਾ ਗਿਆ ਕਿ ਉਹ ਇਸ ਕੰਮ ਨੂੰ ਕਰਨ ਤੋਂ ਨਾ ਡਰਨ ਕਿਉਂਕਿ ਇਸ ਦਾ ਮਤਲਬ ਸਮਾਜ 'ਚ ਬਦਲਾਅ ਲਿਆਉਣਾ ਹੈ। ਇਹ ਹਦਾਇਤ ਇੱਕ ਵਾਇਸ ਸੰਦੇਸ਼ ਰਾਹੀਂ ਦਿੱਤੀ ਗਈ ਸੀ ਅਤੇ ਉਸ ਨੂੰ ਇਸ ਤਰ੍ਹਾਂ ਗੋਲੀਬਾਰੀ ਕਰਨ ਲਈ ਵੀ ਕਿਹਾ ਗਿਆ ਸੀ ਕਿ ਸਲਮਾਨ ਖ਼ਾਨ ਡਰ ਜਾਣ। ਸ਼ੂਟਰਾਂ ਨੂੰ ਹੈਲਮੇਟ ਪਹਿਨਣ ਅਤੇ ਸਿਗਰਟ ਪੀਣ ਲਈ ਕਿਹਾ ਗਿਆ ਸੀ ਤਾਂ ਜੋ ਉਹ ਨਿਡਰ ਦਿਖਾਈ ਦੇਣ। ਹਾਲ ਹੀ 'ਚ ਇੱਕ ਰਿਪੋਰਟ 'ਚ ਇਹ ਵੀ ਕਿਹਾ ਗਿਆ ਹੈ ਕਿ ਦੋ ਮੁਲਜ਼ਮਾਂ ਨੇ ਕਬੂਲ ਕੀਤਾ ਹੈ ਕਿ ਉਹ ਚਾਰ ਸਾਲ ਪਹਿਲਾਂ ਇੰਸਟਾਗ੍ਰਾਮ 'ਤੇ ਲਾਰੈਂਸ ਬਿਸ਼ਨੋਈ ਨੂੰ ਫਾਲੋ ਕਰਨ ਤੋਂ ਬਾਅਦ ਉਸ ਦੇ ਗੈਂਗ 'ਚ ਸ਼ਾਮਲ ਹੋਏ ਸਨ।

# ਰਸੋਈ ਚ ਮਾਂ ਪ੍ਰਿਯੰਕਾ ਨਾਲ ਹੱਥ ਵਟਾਉਂਦੀ ਨਜ਼ਰ ਆਈ ਧੀ ਮਾਲਤੀ



ਅਦਾਕਾਰਾ ਪ੍ਰਿਯੰਕਾ ਚੋਪੜਾ ਨੇ ਸਾਲ 2022 'ਚ ਪਤੀ ਨਿਕ ਜੋਨਸ ਨਾਲ ਸਰੋਗੇਸੀ ਰਾਹੀਂ ਧੀ ਮਾਲਤੀ ਮੈਰੀ ਦਾ ਸੁਆਗਤ ਕੀਤਾ। ਜੋੜੇ ਦੀ ਧੀ ਹੁਣ 2 ਸਾਲ ਦੀ ਹੈ ਅਤੇ ਘਰ ਦੇ ਕੰਮਾਂ 'ਚ ਆਪਣੀ ਮਾਂ ਦੀ ਮਦਦ ਕਰ ਰਹੀ ਹੈ। ਆਪਣੀ ਧੀ ਦਾ ਇਹ ਅੰਦਾਜ਼ ਦੇਖ ਕੇ ਪ੍ਰਿਯੰਕਾ ਦਾ ਦਿਲ ਖੁਸ਼ੀ ਨਾਲ ਭਰ ਗਿਆ ਅਤੇ ਉਸ ਨੇ ਛੋਟੀ ਗੁੱਡੀ ਦੇ ਸਾਹਸ ਦੀ ਝਲਕ ਸੋਸ਼ਲ ਮੀਡੀਆ 'ਤੇ ਸਾਂਝੀ ਕੀਤੀ ਹੈ।ਪ੍ਰਿਯੰਕਾ ਵੱਲੋਂ ਸਾਂਝੀਆਂ ਕੀਤੀਆਂ ਗਈਆਂ ਤਸਵੀਰਾਂ 'ਚ ਦੇਖਿਆ ਜਾ ਸਕਦਾ ਹੈ ਕਿ ਮਾਲਤੀ ਆਪਣੇ ਛੋਟੇ-ਛੋਟੇ ਹੱਥਾਂ ਨਾਲ ਰੋਟੀਆਂ ਬਣਾਉਂਦੀ ਨਜ਼ਰ ਆ ਰਹੀ ਹੈ। ਨੰਨ੍ਹੀ ਦਾ ਅੰਦਾਜ਼ ਦੇਖ ਕੇ ਪ੍ਰਸ਼ੰਸਕ ਕਾਫੀ ਹੈਰਾਨ ਹਨ ਅਤੇ ਹਰ ਕੋਈ ਉਸ 'ਤੇ ਕਾਫੀ ਪਿਆਰ ਬਰਸਾ ਰਿਹਾ ਹੈ।ਇੱਕ ਤਸਵੀਰ ਪ੍ਰਿਯੰਕਾ ਨੇ ਆਪਣੀ ਮਨਪਸੰਦ ਸਬਜ਼ੀ ਭਿੰਡੀ ਦੀ ਝਲਕ ਦਿਖਾਈ ਹੈ, ਜੋ ਉਸ ਦੀ ਮਾਂ ਨੇ ਅਦਾਕਾਰਾ ਲਈ ਤਿਆਰ ਕੀਤੀ ਹੈ।ਇਸ ਤੋਂ ਇਲਾਵਾ ਇਕ ਤਸਵੀਰ 'ਚ ਪ੍ਰਿਯੰਕਾ ਮਾਲਤੀ ਮੈਰੀ ਨਾਲ ਮਾਈਕ ਨਾਲ ਗਾਉਂਦੀ ਨਜ਼ਰ ਆ ਰਹੀ ਹੈ।ਦੱਸ ਦੇਈਏ ਕਿ ਪ੍ਰਿਯੰਕਾ ਚੋਪੜਾ ਇਨ੍ਹੀਂ ਦਿਨੀਂ ਆਪਣੀ ਆਉਣ ਵਾਲੀ ਫਿਲਮ 'ਦ ਬਲੱਫ' ਦੀ ਸ਼ੂਟਿੰਗ 'ਚ ਰੁੱਝੀ ਹੋਈ ਹੈ। ਹਾਲਾਂਕਿ, ਉਹ ਆਪਣੇ ਪਰਿਵਾਰ ਨਾਲ ਸਮਾਂ ਬਿਤਾਉਣ ਲਈ ਸਮਾਂ ਕੱਢਦੀ ਹੈ।


# ਅਦਾਕਾਰਾ ਨਿਸ਼ਾ ਬਾਨੋ ਨੇ ਪਤੀ ਨਾਲ ਗੁਰੂ ਘਰ ਕੀਤੀ ਸੇਵਾ






ਇਨ੍ਹੀਂ ਦਿਨੀਂ ਨਿਸ਼ਾ ਬਾਨੋ ਪੰਜਾਬੀ ਫ਼ਿਲਮ ਉਦਯੋਗ 'ਚ ਪੂਰੀ ਤਰ੍ਹਾਂ ਛਾਈ ਹੋਈ ਹੈ। ਇੱਕ ਤੋਂ ਬਾਅਦ ਇੱਕ ਫ਼ਿਲਮ 'ਚ ਲਗਾਤਾਰ ਨਜ਼ਰ ਆਉਣ ਵਾਲੀ ਅਦਾਕਾਰਾ ਨਿਸ਼ਾ ਬਾਨੋ ਨੇ ਹਾਲ ਹੀ 'ਚ ਆਪਣੇ ਇੰਸਟਾਗ੍ਰਾਮ ਅਕਾਊਂਟ 'ਤੇ ਇਕ ਵੀਡੀਓ ਸਾਂਝੀ ਕੀਤੀ ਹੈ, ਜਿਸ 'ਚ ਉਹ ਗੁਰੂ 'ਚ ਨਜ਼ਰ ਆ ਰਹੀ ਹੈ।ਇਸ ਵੀਡੀਓ 'ਚ ਨਿਸ਼ਾ ਬਾਨੋ ਨੂੰ ਗੁਰੂ ਘਰ 'ਚ ਬਰਤਨ ਧੋਣ ਤੇ ਝਾੜੂ ਦੀ ਸੇਵਾ ਕਰਦਿਆਂ ਵੇਖਿਆ ਜਾ ਸਕਦਾ ਹੈ। ਨਿਸ਼ਾ ਬਾਨੋ ਨੇ ਇਸ ਵੀਡੀਓ ਨੂੰ ਇੰਸਟਾਗ੍ਰਾਮ 'ਤੇ ਸਾਂਝਾ ਕਰਦਿਆਂ ਕੈਪਸ਼ਨ 'ਚ ਲਿਖਿਆ, ''ਸੰਗਤਾਂ ਨੂੰ ਸੇਵਾ ਜਦੋਂ ਦਰ ਓੱਤੇ ਮਿਲਦੀ ❣️🌸🙏🏻।''ਦੱਸ ਦਈਏ ਕਿ ਨਿਸ਼ਾ ਬਾਨੋ ਇੱਕ ਅਜਿਹੀ ਕਲਾਕਾਰ ਹੈ, ਜੋ ਬਹੁਮੁਖੀ ਪ੍ਰਤਿਭਾ ਦੀ ਧਨੀ ਹੈ। ਨਿਸ਼ਾ ਬਾਨੋ ਮਾਨਸਾ ਦੀ ਰਹਿਣ ਵਾਲੀ ਹੈ ਅਤੇ ਇਕ ਵਧੀਆ ਅਦਾਕਾਰਾ ਹੋਣ ਦੇ ਨਾਲ-ਨਾਲ ਉਨ੍ਹਾਂ ਨੂੰ ਗਾਉਣ ਦਾ ਵੀ ਸ਼ੌਂਕ ਹੈ।ਮਾਨਸਾ ਦੀ ਰਹਿਣ ਵਾਲੀ ਨਿਸ਼ਾ ਬਾਨੋ ਨੇ ਵੱਖ-ਵੱਖ ਫ਼ਿਲਮਾਂ 'ਚ ਵੱਖ-ਵੱਖ ਤਰ੍ਹਾਂ ਦੇ ਕਿਰਦਾਰ ਨਿਭਾਏ ਹਨ। ਹੁਣ ਤੱਕ ਉਨ੍ਹਾਂ ਦੀਆਂ ਕਈ ਫ਼ਿਲਮਾਂ ਆ ਚੁੱਕੀਆਂ ਹਨ, ਜਿਨ੍ਹਾਂ 'ਚ ਉਨ੍ਹਾਂ ਦੀ ਅਦਾਕਾਰੀ ਨੂੰ ਦਰਸ਼ਕਾਂ ਵੱਲੋਂ ਖ਼ੂਬ ਸਰਾਹਿਆ ਗਿਆ ਹੈ।ਜੇ ਗੱਲ ਕਰੀਏ ਨਿਸ਼ਾ ਬਾਨੋ ਦੀ ਕਾਮਯਾਬੀ ਦੀ ਤਾਂ ਕਰਮਜੀਤ ਅਨਮੋਲ ਦਾ ਵੀ ਉਨ੍ਹਾਂ ਦੀ ਕਾਮਯਾਬੀ 'ਚ ਵੱਡਾ ਹੱਥ ਰਿਹਾ ਹੈ। ਨਿਸ਼ਾ ਬਾਨੋ ਪਾਲੀਵੁੱਡ ਫ਼ਿਲਮ ਉਦਯੋਗ ਦੀ ਅਜਿਹੀ ਅਦਾਕਾਰਾ ਹੈ, ਜਿਨ੍ਹਾਂ ਨੇ ਵੱਖ-ਵੱਖ ਤਰ੍ਹਾਂ ਦੇ ਚੁਣੌਤੀਪੂਰਨ ਕਿਰਦਾਰ ਨਿਭਾਅ ਕੇ ਫ਼ਿਲਮ ਉਦਯੋਗ 'ਚ ਸ਼ੌਹਰਤ ਹਾਸਲ ਕੀਤੀ ਹੈ।ਨਿਸ਼ਾ ਬਾਨੋ ਨੂੰ ਸਿਰਫ਼ ਅਦਾਕਾਰੀ ਦਾ ਹੀ ਸ਼ੌਂਕ ਨਹੀਂ ਹੈ ਸਗੋਂ ਉਨ੍ਹਾਂ ਨੂੰ ਗਾਇਕੀ 'ਚ ਵੀ ਬੇਹੱਦ ਦਿਲਚਸਪੀ ਹੈ।ਨਿਸ਼ਾ ਬਾਨੋ ਬੀਨੂੰ ਢਿੱਲੋਂ ਕਮੇਡੀ ਗਰੁੱਪ ਨਾਲ ਵੀ ਜੁੜੇ ਹੋਏ ਹਨ। ਉਨ੍ਹਾਂ ਨੇ ਬੀਨੂੰ ਢਿੱਲੋਂ ਨਾਲ ਦੇਸ਼ ਹੀ ਨਹੀਂ ਵਿਦੇਸ਼ਾਂ 'ਚ ਵੀ ਸਟੇਜ 'ਤੇ ਪਰਫਾਰਮ ਕੀਤਾ ਹੈ। ਉਨ੍ਹਾਂ ਨੇ ਆਸਟ੍ਰੇਲੀਆ ਨਿਊਜ਼ੀਲੈਂਡ ਸਮੇਤ ਕਈ ਦੇਸ਼ਾਂ 'ਚ ਬੀਨੂੰ ਢਿੱਲੋਂ ਨਾਲ ਪਰਫਾਰਮ ਕੀਤਾ ਅਤੇ ਕਈ ਫ਼ਿਲਮਾਂ 'ਚ ਕਿਰਦਾਰ ਨਿਭਾਏ।


# ਅਦਾਕਾਰਾ ਨੀਰੂ ਬਾਜਵਾ ਦੀ ਵੱਡੀ ਧੀ ਬਣੀ ਮੇਕਅੱਪ ਆਰਟਿਸਟ, ਵੇਖ ਮਾਂ ਦੇ ਚਿਹਰੇ 'ਤੇ ਆਇਆ ਨੂਰ





ਮਸ਼ਹੂਰ ਪੰਜਾਬੀ ਅਦਾਕਾਰਾ ਨੀਰੂ ਬਾਜਵਾ ਅਕਸਰ ਆਪਣੀ ਅਦਾਕਾਰੀ ਅਤੇ ਖੂਬਸੂਰਤੀ ਨੂੰ ਲੈ ਕੇ ਹਮੇਸ਼ਾ ਹੀ ਸੁਰਖੀਆਂ 'ਚ ਬਣੀ ਰਹਿੰਦੀ ਹੈ। ਨੀਰੂ ਬਾਜਵਾ ਅਦਾਕਾਰੀ ਦੇ ਨਾਲ-ਨਾਲ ਸੋਸ਼ਲ ਮੀਡੀਆ 'ਤੇ ਕਾਫ਼ੀ ਐਕਟਿਵ ਰਹਿੰਦੀ ਹੈ। ਉਹ ਅਕਸਰ ਹੀ ਆਪਣੀ ਤਸਵੀਰਾਂ ਤੇ ਵੀਡੀਓਜ਼ ਨਾਲ-ਨਾਲ ਆਪਣੀ ਪਰਸਨਲ ਤੇ ਪ੍ਰੋਫੈਸ਼ਨਲ ਲਾਈਫ ਨਾਲ ਜੁੜੇ ਅਪਡੇਟਸ ਫੈਨਜ਼ ਨਾਲ ਸ਼ੇਅਰ ਕਰਦੀ ਰਹਿੰਦੀ ਹੈ। ਹਾਲ ਹੀ 'ਚ ਨੀਰੂ ਬਾਜਵਾ ਨੇ ਆਪਣੇ ਇੰਸਟਾਗ੍ਰਾਮ ਅਕਾਊਂਟ 'ਤੇ ਆਪਣੀ ਇੱਕ ਵੀਡੀਓ ਸਾਂਝੀ ਕੀਤੀ ਹੈ, ਜਿਸ 'ਚ ਅਦਾਕਾਰਾ ਦੀ ਧੀ ਮਾਂ ਦਾ ਮੇਕਅੱਪ ਕਰਦੀ ਨਜ਼ਰ ਆ ਰਹੀ ਹੈ। ਇਸ ਵੀਡੀਓ 'ਚ ਨੀਰੂ ਬਾਜਵਾ ਦੀ ਵੱਡੀ ਧੀ ਮਾਂ ਦੇ ਮੂੰਹ ਹਰ ਪ੍ਰੋਡਕਟ ਲਗਾ ਰਹੀ ਹੈ। ਵੀਡੀਓ 'ਚ ਨੀਰੂ ਬਾਜਵਾ ਧੀ ਨੂੰ ਆਖਦੀ ਹੈ ਕਿ ਬਹੁਤ ਮਹਿੰਗਾ ਪ੍ਰੋਡਕਟ ਹੈ, ਥੋੜ੍ਹਾ-ਥੋੜ੍ਹਾ ਲਗਾ।ਦੱਸ ਦਈਏ ਕਿ ਬੀਤੇ ਦਿਨੀਂ ਨੀਰੂ ਬਾਜਵਾ ਨੇ ਆਪਣੇ ਇੰਸਟਾਗ੍ਰਾਮ ਅਕਾਊਂਟ 'ਤੇ ਜਿੰਮ 'ਚ ਵਰਕਆਊਟ ਕਰਦਿਆਂ ਦੀ ਇਕ ਵੀਡੀਓ ਸਾਂਝੀ ਕੀਤੀ ਸੀ। ਇਸ ਵੀਡੀਓ ਨੂੰ ਸ਼ੇਅਰ ਕਰਦਿਆਂ ਨੀਰੂ ਬਾਜਵਾ ਨੇ ਕੈਪਸ਼ਨ 'ਚ ਲਿਖਿਆ ਸੀ, '' #birthdaymonth has begun ! ❤️ #stronger 💪🏽 every day! Don't forget to smile and dance in between workout!'' ਇਸ ਵੀਡੀਓ 'ਚ ਨੀਰੂ ਬਾਜਵਾ ਜਿੰਮ 'ਚ ਸਾਈਕਲਿੰਗ ਕਰਦੀ ਹੋਈ ਨਜ਼ਰ ਆਈ ਸੀ। ਇਸ ਦੇ ਨਾਲ ਹੀ ਅਦਾਕਾਰਾ ਨੇ ਦੱਸਿਆ ਸੀ ਕਿ ਉਸ ਦੇ ਜਨਮਦਿਨ ਦਾ ਮਹੀਨਾ ਸ਼ੁਰੂ ਹੋ ਚੁੱਕਾ ਹੈ, ਜਿਸ ਨੂੰ ਉਹ ਪੂਰੀ ਖੁਸ਼ੀ, ਸਟ੍ਰਾਂਗ ਤਰੀਕੇ ਤੇ ਫਿੱਟ ਰਹਿਣ ਲਈ ਡਾਂਸ ਕਰਕੇ ਸ਼ੁਰੂ ਕਰ ਰਹੀ ਹੈ। ਆਪਣੀ ਇਸ ਵੀਡੀਓ ਰਾਹੀਂ ਅਦਾਕਾਰਾ ਨੇ ਆਪਣੇ ਫੈਨਜ਼ ਨੂੰ ਵੀ ਫਿੱਟ ਰਹਿਣ ਤੇ ਖਾਸ ਤੌਰ 'ਤੇ ਆਪਣੀ ਸਿਹਤ ਦਾ ਖਿਆਲ ਰੱਖਣ ਦੀ ਸਲਾਹ ਦਿੱਤੀ ਹੈ। ਫੈਨਜ਼ ਨੀਰੂ ਬਾਜਵਾ ਦੀ ਇਸ ਮੋਟੀਵੇਸ਼ਨਲ ਵੀਡੀਓ ਨੂੰ ਵੇਖ ਕੇ ਕਾਫ਼ੀ ਖੁਸ਼ ਹੋ ਰਹੇ ਹਨ ਤੇ ਉਸ ਦੀ ਫਿੱਟਨਸ ਦੀ ਤਾਰੀਫ਼ ਕਰ ਰਹੇ ਹਨ। ਫੈਨਜ਼ ਅਦਾਕਾਰਾ ਦੀ ਵੀਡੀਓ 'ਤੇ ਕੁਮੈਂਟ ਕਰਕੇ ਆਪੋ-ਆਪਣੀ ਪ੍ਰਤੀਕਿਰਿਆ ਦੇ ਰਹੇ ਹਨ। ਦੱਸਣਯੋਗ ਹੈ ਕਿ ਨੀਰੂ ਬਾਜਵਾ ਇਨ੍ਹੀਂ ਦਿਨੀਂ ਆਪਣੀ ਆਉਣ ਵਾਲੀ ਫ਼ਿਲਮਾਂ 'ਤੇ ਕੰਮ ਕਰ ਰਹੀ ਹੈ। ਅਦਾਕਾਰਾ ਜਲਦ ਹੀ ਆਪਣੀ ਨਵੀਂ ਫ਼ਿਲਮ 'ਵਾਹ ਨੀ ਪੰਜਾਬਣੇ' ਅਤੇ ਫ਼ਿਲਮ 'ਸ਼ੁਕਰਾਨਾ' 'ਚ ਨਜ਼ਰ ਆਵੇਗੀ। ਨੀਰੂ ਬਾਜਵਾ ਦੀ ਫ਼ਿਲਮ 'ਸ਼ੁਕਰਾਨਾ' ਅਗਲੇ ਸਾਲ 9 ਮਈ 2025 ਨੂੰ ਰਿਲੀਜ਼ ਹੋਵੇਗੀ।

# ਨੰਦਮੂਰੀ ਬਾਲਕ੍ਰਿਸ਼ਨ ਨਾਲ ਨਜ਼ਰ ਆਵੇਗੀ ਪ੍ਰਗਿਆ ਜਾਇਸਵਾਲ



ਅਭਿਨੇਤਰੀ ਪ੍ਰਗਿਆ ਜਾਇਸਵਾਲ ਤੇਲਗੂ ਫਿਲਮਾਂ ਦੇ ਮਹਾਨ ਕਲਾਕਾਰ ਨੰਦਾਮੁਰੀ ਬਾਲਕ੍ਰਿਸ਼ਨ ਦੇ ਨਾਲ ਨਜ਼ਰ ਆਵੇਗੀ। ਉਸਨੇ ਹਾਲ ਹੀ 'ਚ ਪੁਸ਼ਟੀ ਕੀਤੀ ਹੈ ਕਿ ਉਹ 'ਐੱਨ. ਬੀ. ਕੇ-109' ਵਿਚ ਮੁੱਖ ਅਦਾਕਾਰਾ ਵਜੋਂ ਨਜ਼ਰ ਆਵੇਗੀ। ਇਸ ਤੋਂ ਪਹਿਲਾਂ ਪ੍ਰਗਿਆ ਉਨ੍ਹਾਂ ਨਾਲ 'ਅਖੰਡ' 'ਚ ਨਜ਼ਰ ਆਈ ਸੀ ਜੋ ਬਲਾਕਬਸਟਰ ਰਹੀ ਸੀ। ਬੌਬੀ ਕੋਲੀ ਦੁਆਰਾ ਨਿਰਦੇਸ਼ਿਤ ਤੇ ਨਾਗਾ ਵਾਮਸੀ ਦੁਆਰਾ ਨਿਰਮਿਤ, ਇਸ ਤੇਲਗੂ ਐਕਸ਼ਨ ਡਰਾਮੇ ਵਿਚ ਬਾਲੀਵੁੱਡ ਅਭਿਨੇਤਾ ਬੌਬੀ ਦਿਓਲ ਵੀ ਹਨ।ਪ੍ਰਗਿਆ ਜਾਇਸਵਾਲ ਫਿਲਮ 'ਖੇਲ ਖੇਲ ਮੇ' ਨਾਲ ਆਪਣੀ ਬਾਲੀਵੁੱਡ ਜਰਨੀ ਸ਼ੁਰੂ ਕਰ ਰਹੀ ਤੇ 'ਐੱਨ.ਬੀ. ਕੇ-109' 'ਚ ਸ਼ਾਮਿਲ ਹੋਣਾ ਉਸ ਲਈ ਮੀਲ ਦਾ ਪੱਥਰ ਹੋਣ ਸਾਬਤ ਹੋਵੇਗੀ।ਪ੍ਰਗਿਆ ਕਹਿੰਦੀ ਹੈ, "ਮੈਂ ਨੰਦਾਮੁਰੀ ਬਾਲਕ੍ਰਿਸ਼ਨ ਸਰ ਨਾਲ ਦੁਬਾਰਾ ਮਿਲਣ ਤੇ ਬੌਬੀ ਕੋਲੀ ਦੇ ਨਿਰਦੇਸ਼ਨ ਹੇਠ ਕੰਮ ਕਰਨ ਲਈ ਬਹੁਤ ਖੁਸ਼ ਹਾਂ ਅਤੇ ਬੌਬੀ ਦਿਓਲ ਅਤੇ ਨੰਦਮੁਰੀ ਬਾਲਕ੍ਰਿਸ਼ਨ ਸਰ ਬਹੁਤ ਹੀ ਤਜਰਬੇਕਾਰ ਤੇ ਪ੍ਰਤਿਭਾਸ਼ਾਲੀ ਕਲਾਕਾਰ ਹਨ। ਮੈਨੂੰ ਬਹੁਤ ਉਡੀਕ ਹੈ ਕਿ ਦਰਸ਼ਕ ਇਸ ਫਿਲਮ ਨੂੰ ਦੇਖਣ।

# ਹਨੀ ਬਨੀ' ਦਾ ਪ੍ਰੀਮੀਅਰ 7 ਨਵੰਬਰ ਨੂੰ



ਪ੍ਰਾਈਮ ਵੀਡੀਓ ਨੇ ਓਰਿਜਨਲ ਸੀਰੀਜ਼ 'ਸਿਟਾਡੇਲ : ਹਨੀ ਬਨੀ' ਦੀ ਪ੍ਰੀਮੀਅਰ ਮਿਤੀ ਦੇ ਐਲਾਨ ਨਾਲ ਇਸ ਦਾ ਇੱਕ ਦਿਲਚਸਪ ਟੀਜ਼ਰ ਵੀ ਜਾਰੀ ਕੀਤਾ ਹੈ। ਨਿਰਦੇਸ਼ਕਾਂ ਦੀ ਮੌਜੂਦਗੀ ਵਿੱਚ ਮੁੰਬਈ ਵਿਚ ਈਵੈਂਟ ਆਯੋਜਿਤ ਕੀਤਾ ਗਿਆ। 'ਸਿਟਾਡੇਲ : ਹਨੀ ਬਨੀ' ਭਾਰਤ ਤੇ ਦੁਨੀਆ ਭਰ ਦੇ 240 ਤੋਂ ਵੱਧ ਦੇਸ਼ਾਂ ਤੇ ਖ਼ੇਤਰਾਂ ਵਿਚ ਪ੍ਰਾਈਮ ਵੀਡੀਓ 'ਤੇ 7 ਨਵੰਬਰ ਨੂੰ ਪ੍ਰੀਮੀਅਰ ਕਰਨ ਲਈ ਤਿਆਰ ਹੈ।ਦੱਸ ਦੇਈਏ ਕਿ ਵਰੁਣ ਧਵਨ ਤੇ ਸਮਾਂਥਾ ਸਟਾਰਰ 'ਸਿਟਾਡੇਲ : ਹਨੀ ਬਨੀ' ਦਾ ਨਿਰਦੇਸ਼ਨ ਰਾਜ ਅਤੇ ਡੀ. ਕੇ. ਨੇ ਕੀਤਾ ਹੈ ਅਤੇ ਇਸ ਦਾ ਡੀ2 ਆਰ ਫਿਲਮਜ਼, ਐਮਾਜ਼ਾਨ ਐੱਮ.ਜੀ.ਐੱਮ. ਸਟੂਡੀਓ ਅਤੇ ਰੂਸੋ ਬ੍ਰਦਰਜ਼ ਦੇ ਏ.ਜੀ.ਬੀ.ਓ. ਨੇ ਨਿਰਮਾਣ ਕੀਤਾ ਹੈ। ਐਂਥਨੀ ਰੂਸੋ, ਜੋਅ ਰੂਸੋ, ਐਂਜੇਲਾ ਰੂਸੋ-ਓਟਸਟੌਟ ਤੇ ਏ.ਜੀ.ਬੀ.ਓ. ਦੇ ਸਕਾਟ ਨੈਮੇਜ਼ ਡੇਵਿਡ ਵੇਲ (ਹੰਟਰਜ਼ ਤੋਂ) ਨਾਲ ਮਿਲ ਕੇ ਸੀਰੀਜ਼ ਦਾ ਕਾਰਜਕਾਰੀ ਨਿਰਮਾਣ ਕਰੇਗਾ। ਮਿਡਨਾਈਟ ਰੇਡੀਓ ਵੀ ਇਕ ਕਾਰਜਕਾਰੀ ਨਿਰਮਾਤਾ ਵੀ ਹੈ। ਸੀਰੀਜ਼ ਵਿਚ ਕੇ.ਕੇ. ਮਨਨ ਅਤੇ ਸਿਮਰਨ, ਸਾਕਿਬ ਸਲੀਮ, ਸਿਕੰਦਰ ਖੇਰ, ਸੋਹਮ ਮਜੂਮਦਾਰ, ਸ਼ਿਵਾਂਕਿਤ ਪਰਿਹਾਰ ਤੇ ਕਾਸ਼ਵੀ ਮਜੂਮਦਾਰ ਵੀ ਨਜ਼ਰ ਆਉਣਗੇ।

# ਅਮਰੀਕਾ, ਯੂ.ਕੇ ਨਾਲੋਂ ਕੈਨੇਡਾ ਪੰਜਾਬੀ ਵਿਦਿਆਰਥੀਆਂ ਦੀ ਪਹਿਲੀ ਪਸੰਦ, ਅੰਕੜੇ ਜਾਰੀ



ਕੈਨੇਡਾ ਵਿੱਚ ਹਾਲ ਹੀ ਦੇ ਸਮੇਂ ਵਿੱਚ ਘਟਦੇ ਰੁਜ਼ਗਾਰ ਅਤੇ ਮਕਾਨਾਂ ਦੀ ਕਮੀ ਦੀ ਸਮੱਸਿਆ ਤੇਜ਼ੀ ਨਾਲ ਵਧੀ ਹੈ। ਇਸ ਦੇ ਲਈ ਸਥਾਨਕ ਲੋਕਾਂ ਨੇ ਵਿਦੇਸ਼ੀ ਵਿਦਿਆਰਥੀਆਂ ਖਾਸ ਕਰਕੇ ਭਾਰਤੀਆਂ ਵੱਲ ਉਂਗਲ ਉਠਾਈ ਹੈ। ਇਨ੍ਹਾਂ ਸਮੱਸਿਆਵਾਂ ਦੇ ਹੱਲ ਲਈ ਕੈਨੇਡੀਅਨ ਸਰਕਾਰ ਨੇ ਕਈ ਨਿਯਮ ਵੀ ਬਦਲੇ ਹਨ, ਤਾਂ ਜੋ ਵਿਦੇਸ਼ੀਆਂ ਦੀ ਗਿਣਤੀ ਘਟਾਈ ਜਾ ਸਕੇ। ਮੌਜੂਦਾ ਸਾਲ ਵਿੱਚ ਕੈਨੇਡਾ ਵਿੱਚ ਭਾਰਤੀ ਵਿਦਿਆਰਥੀਆਂ ਦੇ ਦਾਖਲੇ ਵਿੱਚ ਵੀ ਕਮੀ ਆਈ ਹੈ। ਇਸ ਦੇ ਬਾਵਜੂਦ ਵੀ ਜਿਸ ਦੇਸ਼ ਵਿੱਚ ਭਾਰਤੀ ਵਿਦਿਆਰਥੀ ਸਭ ਤੋਂ ਵੱਧ ਹਨ, ਉਹ ਕੈਨੇਡਾ ਹੈ। ਕਿਸੇ ਵੀ ਹੋਰ ਦੇਸ਼ ਨਾਲੋਂ ਕੈਨੇਡਾ ਵਿੱਚ ਸਭ ਤੋਂ ਵੱਧ ਭਾਰਤੀ ਵਿਦਿਆਰਥੀ ਹਨ।

ਭਾਰਤ ਦੇ ਵਿਦੇਸ਼ ਮੰਤਰਾਲੇ ਨੇ ਸੰਸਦ ਨੂੰ ਦੱਸਿਆ ਕਿ ਭਾਰਤ ਦੇ ਕੁੱਲ 13,35,878 ਭਾਰਤੀ ਵਿਦਿਆਰਥੀ ਇਸ ਸਮੇਂ ਵੱਖ-ਵੱਖ ਅੰਤਰਰਾਸ਼ਟਰੀ ਸੰਸਥਾਵਾਂ ਵਿੱਚ ਪੜ੍ਹ ਰਹੇ ਹਨ। ਕੈਨੇਡਾ ਵਿੱਚ ਸਭ ਤੋਂ ਵੱਧ ਭਾਰਤੀ ਵਿਦਿਆਰਥੀ ਹਨ। ਕੈਨੇਡਾ ਵਿੱਚ 4,27,000 ਭਾਰਤੀ ਵਿਦਿਆਰਥੀ ਹਨ। ਕੈਨੇਡਾ ਤੋਂ ਬਾਅਦ ਅਮਰੀਕਾ ਵਿੱਚ 3,37,630 ਵਿਦਿਆਰਥੀ ਹਨ। ਭਾਰਤ ਦੇ 1,85,000 ਵਿਦਿਆਰਥੀ ਯੂ.ਕੇ ਵਿੱਚ, 122,202 ਵਿਦਿਆਰਥੀ ਆਸਟ੍ਰੇਲੀਆ ਵਿੱਚ ਅਤੇ 42,997 ਵਿਦਿਆਰਥੀ ਜਰਮਨੀ ਵਿੱਚ ਪੜ੍ਹ ਰਹੇ ਹਨ। ਅੰਕੜੇ ਦੱਸਦੇ ਹਨ ਕਿ ਪਿਛਲੇ ਕੁਝ ਸਾਲਾਂ ਵਿੱਚ ਵਿਦੇਸ਼ਾਂ ਵਿੱਚ ਪੜ੍ਹਨ ਵਾਲੇ ਭਾਰਤੀ ਵਿਦਿਆਰਥੀਆਂ ਦੀ ਗਿਣਤੀ ਵਿੱਚ ਤੇਜ਼ੀ ਨਾਲ ਵਾਧਾ ਹੋਇਆ ਹੈ। ਪਿਛਲੇ ਛੇ ਸਾਲਾਂ ਵਿੱਚ ਇਹ ਅੰਕੜਾ ਲਗਭਗ ਦੁੱਗਣਾ ਹੋ ਗਿਆ ਹੈ। 2019 ਵਿੱਚ ਵਿਦੇਸ਼ਾਂ ਵਿੱਚ ਪੜ੍ਹਨ ਵਾਲੇ ਭਾਰਤੀ ਵਿਦਿਆਰਥੀਆਂ ਦੀ ਗਿਣਤੀ 675,541 ਸੀ, ਜੋ ਕਿ 2024 ਵਿੱਚ ਵੱਧ ਕੇ 1,335,878 ਹੋਣ ਦੀ ਸੰਭਾਵਨਾ ਹੈ।ਕੈਨੇਡਾ ਵਿੱਚ ਪੜ੍ਹਨ ਵਾਲੇ ਕੁੱਲ ਵਿਦੇਸ਼ੀ ਵਿਦਿਆਰਥੀਆਂ ਵਿੱਚ ਭਾਰਤ ਦੇ ਵਿਦਿਆਰਥੀ 40 ਫ਼ੀਸਦੀ ਹਨ। ਕੈਨੇਡਾ ਨੇ ਹਾਲ ਹੀ ਵਿੱਚ ਸਟੱਡੀ ਵੀਜ਼ਾ ਅਤੇ ਨਾਗਰਿਕਤਾ ਦੇ ਨਿਯਮਾਂ ਵਿੱਚ ਬਦਲਾਅ ਕੀਤਾ ਹੈ। ਇਹੀ ਕਾਰਨ ਹੈ ਜੋ ਕੈਨੇਡਾ ਨੂੰ ਭਾਰਤੀ ਵਿਦਿਆਰਥੀਆਂ ਦਾ ਪਸੰਦੀਦਾ ਬਣਾਉਂਦਾ ਰਿਹਾ ਹੈ। ਕੈਨੇਡਾ ਵਿੱਚ ਅਜੋਕੇ ਸਮੇਂ ਵਿੱਚ ਸਿੱਖਿਆ ਦਾ ਖਰਚਾ ਵਧਿਆ ਹੈ। ਇਸ ਦੇ ਬਾਵਜੂਦ ਅਮਰੀਕਾ ਅਤੇ ਬ੍ਰਿਟੇਨ ਵਰਗੇ ਦੇਸ਼ਾਂ ਨਾਲੋਂ ਕੈਨੇਡਾ ਵਿੱਚ ਪੜ੍ਹਾਈ ਸਸਤੀ ਹੈ। ਕੈਨੇਡਾ ਵਿੱਚ ਵਿਦਿਆਰਥੀਆਂ ਲਈ ਪੜ੍ਹਾਈ ਦੌਰਾਨ ਨੌਕਰੀ ਪ੍ਰਾਪਤ ਕਰਨਾ ਆਸਾਨ ਹੈ ਅਤੇ ਕੈਨੇਡਾ ਵਿੱਚ ਬਹੁਤ ਸਾਰੀਆਂ ਸਕਾਲਰਸ਼ਿਪ ਸਕੀਮਾਂ ਹਨ, ਜੋ ਵਿਦਿਆਰਥੀਆਂ ਲਈ ਚੀਜ਼ਾਂ ਨੂੰ ਆਸਾਨ ਬਣਾਉਂਦੀਆਂ ਹਨ। ਕੈਨੇਡਾ ਵਿੱਚ ਪੜ੍ਹਾਈ ਕਰਨ ਤੋਂ ਬਾਅਦ, ਨੌਕਰੀ ਅਤੇ ਨਾਗਰਿਕਤਾ ਪ੍ਰਾਪਤ ਕਰਨਾ ਦੂਜੇ ਦੇਸ਼ਾਂ ਦੇ ਮੁਕਾਬਲੇ ਆਸਾਨ ਹੈ। ਕੈਨੇਡਾ ਨੇ ਹਾਲ ਹੀ ਵਿੱਚ ਨਿਯਮਾਂ ਵਿੱਚ ਬਦਲਾਅ ਕੀਤਾ ਹੈ, ਫਿਰ ਵੀ ਇੱਥੇ ਨਾਗਰਿਕਤਾ ਪ੍ਰਾਪਤ ਕਰਨ ਦੇ ਨਿਯਮ ਕਈ ਦੇਸ਼ਾਂ ਨਾਲੋਂ ਆਸਾਨ ਹਨ। ਇਨ੍ਹਾਂ ਸਾਰੇ ਕਾਰਨਾਂ ਤੋਂ ਇਲਾਵਾ ਕੈਨੇਡਾ ਵਿਚ ਭਾਰਤੀਆਂ ਖਾਸ ਕਰਕੇ ਪੰਜਾਬੀਆਂ ਦੀ ਵੱਡੀ ਗਿਣਤੀ ਹੈ। ਕੈਨੇਡਾ ਵਿੱਚ ਵੀ ਪੰਜਾਬੀਆਂ ਦੇ ਅਹਿਮ ਅਹੁਦਿਆਂ ’ਤੇ ਕੰਮ ਕਰ ਰਹੇ ਹਨ। ਇਸ ਨਾਲ ਭਾਰਤੀਆਂ ਨੂੰ ਵੀ ਇਕ ਤਰ੍ਹਾਂ ਦੀ ਆਸਾਨੀ ਹੁੰਦੀ ਹੈ। ਹਾਲਾਂਕਿ ਕੈਨੇਡੀਅਨ ਸਰਕਾਰ ਦੇ ਤਾਜ਼ਾ ਕਦਮਾਂ ਤੋਂ ਬਾਅਦ ਆਉਣ ਵਾਲੇ ਸਾਲਾਂ ਵਿੱਚ ਭਾਰਤੀਆਂ ਦੀ ਗਿਣਤੀ ਵਿੱਚ ਕਮੀ ਆ ਸਕਦੀ ਹੈ।

# 2023 ਡਰਬੀ ਟੂਰਨਾਮੈਂਟ ਦੇ ਹਿੰਸਕ ਝਗੜੇ 'ਚ 7 ਵਿਅਕਤੀ ਦੋਸ਼ੀ ਕਰਾਰ




ਪਿਛਲ਼ੇ ਸਾਲ ਡਰਬੀ ਟੂਰਨਾਮੈਂਟ ਮੌਕੇ ਹਿੰਸਕ ਝਗੜੇ ਵਿਚ ਦੋਸ਼ੀ ਪਾਏ ਗਏ 7 ਲੋਕਾਂ ਦੀ ਤਸਵੀਰਾਂ ਪੁਲਸ ਨੇ ਜਾਰੀ ਕੀਤੀਆਂ ਹਨ। ਤਸਵੀਰਾਂ ਜਾਰੀ ਕਰਦੇ ਹੋਏ ਪੁਲਸ ਨੇ ਦੱਸਿਆ ਕਿ 5 ਲੋਕਾਂ ਨੇ ਆਪਣੇ ਦੋਸ਼ ਪਹਿਲਾਂ ਹੀ ਕਬੂਲ ਕਰ ਲਏ ਸਨ ਜਦਕਿ ਦੋ ਹੋਰਾਂ ਨੂੰ ਅਦਾਲਤ ਨੇ ਹੁਣ ਦੋਸ਼ੀ ਕਰਾਰ ਦਿੱਤਾ ਹੈ। ਅਲਵੈਸਟਨ ਵਿਚ ਇਕ ਕੱਬਡੀ ਟੂਰਨਾਮੈਂਟ ਵਿਚ ਦੋ ਸਮੂਹਾਂ ਵਿਚਕਾਰ ਹਿੰਸਾ ਹੋਣ ਕਾਰਨ ਕਈ ਲੋਕ ਜ਼ਖਮੀ ਹੋ ਗਏ ਸਨ। ਗੋਲੀ ਚੱਲਣ ਅਤੇ ਲੋਕਾਂ ਦੇ ਹਥਿਆਰਾਂ ਨਾਲ ਲੜਨ ਦੀਆਂ ਰਿਪੋਰਟਾਂ ਤੋਂ ਬਾਅਦ ਐਤਵਾਰ 20 ਅਗਸਤ, 2023 ਨੂੰ ਸ਼ਾਮ 4 ਵਜੇ ਐਲਵਾਸਟਨ ਲੇਨ 'ਤੇ ਪੁਲਸ ਨੂੰ ਬੁਲਾਇਆ ਗਿਆ ਸੀ। ਇਹ ਲੜਾਈ ਯੋਜਨਾਬੱਧ ਸੀ, ਜਿਸ ਬਾਰੇ ਬ੍ਰੂੰਸਵਿਕ ਸਟ੍ਰੀਟ ਡਰਬੀ ਵਿਚ ਇਕ ਸਮੂਹ ਨੇ ਮੀਟਿੰਗ ਕੀਤੀ ਸੀ। ਦੋਸ਼ੀ ਪਾਇਆ ਗਿਆ ਪਰਮਿੰਦਰ ਸਿੰਘ ਉਸ ਮੀਟਿੰਗ ਵਿਚ ਸ਼ਾਮਲ ਸੀ, ਪਰ ਘਟਨਾ ਸਥਾਨ 'ਤੇ ਉਸ ਦਾ ਚਿਹਰਾ ਢੱਕਿਆ ਹੋਇਆ ਸੀ। ਪੁਲਸ ਨੇ ਘਟਨਾ ਸਥਾਨ 'ਤੇ ਉਸ ਦਾ ਇਕ ਮੋਢੇ ਵਾਲਾ ਬੈਗ ਲੱਭਿਆ, ਜਿਸ ਵਿਚ ਿਕ ਲੋਡਡ ਅਰਧ-ਆਟੋਮੈਟਿਕ ਪਿਸਤੌਲ ਸੀ। ਪਿਸਤੌਲ ਅਤੇ ਬੈਗ ਦੋਵਾਂ 'ਤੇ ਉਸ ਦਾ ਡੀ.ਐੱਨ.ਏ. ਮਿਲਿਆ ਹੈ। ਘਟਨਾ ਦੌਰਾਨ ਉਸ ਨੂੰ ਗਲੇ ਵਿਚ ਗੋਲੀ ਲੱਗੀ ਸੀ। ਵੈਸਟ ਮਿਡਲੈਂਡਜ਼ ਦੇ 25 ਸਾਲਾ ਨੌਜਵਾਨ ਨੂੰ ਹਿੰਸਕ ਗਤੀਵਿਧੀਆਂ ਅਤੇ ਹਥਿਆਰ ਰੱਖਣ ਦਾ ਦੋਸ਼ੀ ਠਹਿਰਾਇਆ ਗਿਆ ਹੈ। ਦੂਜੇ ਗਰੁੱਪ ਦੇ 24 ਸਾਲਾ ਮਲਕੀਤ ਸਿੰਗ ਵਾਸੀ ਕੋਰਟ ਰੋਡ, ਵੂਲਵਰਹੈਂਪਟਨ ਨੂੰ ਹਿੰਸਕ ਗਤੀਵਿਧੀਆਂ ਦਾ ਦੋਸ਼ੀ ਠਹਿਰਾਇਆ ਗਿਆ ਹੈ। ਜਦਕਿ ਇਸ ਘਟਨਾ ਵਿਚ ਸ਼ਾਮਲ ਪੰਜ ਹੋਰ ਵਿਅਕਤੀ ਕਰਮਜੀਤ ਸਿੰਘ (36) ਵਾਸੀ ਸ਼ੇਕਸਪੀਅਰ ਸਟ੍ਰੀਟ ਡਰਬੀ, ਬਲਜੀਤ ਸਿੰਘ (33) ਵਾਸੀ ਲਾਫਰੇਡ ਐਵੀਨਿਊ ਵੂਲਵਰਹੈਂਪਟਨ, ਹਰਦੇਵ ਉੱਪਲ (34) ਵਾਸੀ ਸਾਈਕਾਮੋਰ ਰੋਡ ਟਿਪਟਨ, ਜਗਜੀਤ ਸਿੰਘ (31) ਵਾਸੀ ਬੋਲਟਨ ਰੋਡ ਵੂਲਵਰਹੈਂਪਟਨ, ਦੁਧਨਾਥ ਤ੍ਰਿਪਾਠੀ (30) ਮਨੋਰ ਐਵੀਨਿਊ ਹੰਸਲੋ ਨੂੰ ਤੇਜ਼ਧਾਰ ਹਥਿਆਰ ਰੱਖਣ, ਹਿੰਸਾ ਭੜਕਾਉਣ ਅਤੇ ਸਰੀਰਕ ਨੁਕਸਾਨ ਪਹੁੰਚਾਉਣ ਆਦਿ ਮਾਮਲਿਆਂ ਵਿਚ ਦੋਸ਼ੀ ਕਰਾਰ ਦਿੱਤਾ ਗਿਆ ਹੈ। ਸਾਰੇ ਸੱਤ ਵਿਅਕਤੀਆਂ ਨੂੰ ਬਾਅਦ ਵਿਚ ਡਰਬੀ ਕ੍ਰਾਊਨ ਕੋਰਟ ਵਿਚ ਸਜ਼ਾ ਸੁਣਾਈ ਜਾਵੇਗੀ। ਜਾਂਚ ਅਧਿਕਾਰੀ ਇੰਸਪੈਕਟ ਮੈਟ ਕਰੂਮ ਨੇ ਕਿਹਾ ਕਿ ਇਹ ਖੇਡ ਸਮਾਗਮ ਵਿਚ ਸ਼ਾਮਲ ਹੋਣ ਵਾਲੇ ਲੋਕਾਂ ਲਈ ਚੰਗਾ ਦਿਨ ਹੋਣਾ ਸੀ ਜੋ ਵੱਡੀ ਹਿੰਸਾ ਵਿਚ ਬਦਲ ਗਿਆ। ਜਾਸੂਸ ਕਾਂਸਟੇਬਲ ਸਟੀਵੀ ਬਾਰਕਰ ਨੇ ਕਿਹਾ ਕਿ ਦੇਸ਼ ਭਰ ਦੇ ਸੈਂਕੜੇ ਅਫਸਰਾਂ ਨੇ ਇਸ ਜਾਂਚ ਵਿਚ ਸਹਿਯੋਗ ਦਿੱਤਾ ਹੈ।

# ਦਿਲਜੀਤ ਦੋਸਾਂਝ ਲਈ ਮੰਤਰੀ ਹਰਜੀਤ ਸਿੰਘ ਸੱਜਣ ਦੀ ਇਹ ਅਪੀਲ ਕੈਨੇਡੀਅਨ ਫ਼ੌਜ ਨੇ ਕਰ 'ਤੀ ਸੀ ਰੱਦ



ਕੈਨੇਡਾ ਦੇ ਐਮਰਜੈਂਸੀ ਤਿਆਰੀ ਬਾਰੇ ਮੰਤਰੀ ਹਰਜੀਤ ਸਿੰਘ ਸੱਜਣ ਨੇ ਵੈਨਕੂਵਰ (ਬ੍ਰਿਟਿਸ਼ ਕੋਲੰਬੀਆ) 'ਚ ਪੰਜਾਬੀ ਗਾਇਕ ਅਤੇ ਫ਼ਿਲਮ ਅਦਾਕਾਰ ਦਿਲਜੀਤ ਦੋਸਾਂਝ ਦੇ ਸੰਗੀਤਕ ਸ਼ੋਅ 'ਚ ਸ਼ਾਮਲ ਕੀਤੇ ਜਾਣ ਲਈ 100 ਫ਼ੌਜੀ ਜਵਾਨ ਕੈਨੇਡਾ ਸਰਕਾਰ ਤੋਂ ਮੰਗੇ ਸਨ ਪਰ ਉਨ੍ਹਾਂ ਦੀ ਇਹ ਮੰਗ ਮੰਨੀ ਨਹੀਂ ਗਈ ਸੀ। ਕੈਨੇਡੀਅਨ ਆਰਮਡ ਫ਼ੋਰਸੇਜ਼ ਦੇ ਕਮਾਂਡਰਾਂ ਨੇ ਇਸ ਬੇਨਤੀ ਨੂੰ ਰੱਦ ਕਰ ਦਿਤਾ ਸੀ। ਦਰਅਸਲ, ਦੋਸਾਂਝ ਦੇ ਸ਼ੋਅ ਦੌਰਾਨ ਇਕ ਆਈਟਮ ਲਈ ਪਿਛੇ ਖੜ੍ਹੇ ਕਰਕੇ ਰੱਖਣ ਲਈ ਇਨ੍ਹਾਂ ਜਵਾਨਾਂ ਦੀ ਜ਼ਰੂਰਤ ਸੀ, ਇਸ ਲਈ ਮੰਤਰੀ ਸੱਜਣ ਨੇ ਅਜਿਹੀ ਮੰਗ ਕੀਤੀ ਸੀ।ਮੰਤਰੀ ਹਰਜੀਤ ਸੱਜਣ ਨੇ ਬੀਤੀ 27 ਅਪ੍ਰੈਲ ਨੂੰ 'ਕੈਨੇਡੀਅਨ ਆਰਮਡ ਫ਼ੋਰਸੇਜ਼' ਦੇ 100 ਫ਼ੌਜੀ ਮੁਹਈਆ ਕਰਵਾਉਣ ਲਈ ਬੇਨਤੀ ਕੀਤੀ ਸੀ ਪਰ ਉਦੋਂ ਸਮਾਂ ਵੀ ਥੋੜ੍ਹਾ ਸੀ ਤੇ ਫ਼ੌਜੀ ਜਵਾਨ ਵੀ ਅਜਿਹੇ ਕਿਸੇ ਸਮਾਰੋਹ ਲਈ ਉਪਲਬਧ ਨਹੀਂ ਹੋ ਸਕਦੇ ਸਨ। ਇਸ ਲਈ ਉਨ੍ਹਾਂ ਦੀ ਉਹ ਬੇਨਤੀ ਰੱਦ ਕਰ ਦਿੱਤੀ ਗਈ ਸੀ। ਕੈਨੇਡੀਅਨ ਮੀਡੀਆ ਨੇ ਹੁਣ ਇਸ ਖ਼ਬਰ ਨੂੰ ਵੱਡੇ ਪੱਧਰ 'ਤੇ ਚੁੱਕਿਆ ਹੈ। ਦੱਸਣਯੋਗ ਹੈ ਕਿ ਦਿਲਜੀਤ ਦੋਸਾਂਝ ਦੇ ਇਸ ਸੰਗੀਤਮਈ ਸ਼ੋਅ 'ਚ 54,000 ਲੋਕਾਂ ਦੀ ਵੱਡੀ ਭੀੜ ਸੀ। ਇਸ ਤੋਂ ਪਹਿਲਾਂ ਇੰਨੀ ਵੱਡੀ ਗਿਣਤੀ 'ਚ ਦਰਸ਼ਕ ਦਿਲਜੀਤ ਦੋਸਾਂਝ ਦੇ ਕਿਸੇ ਵਿਦੇਸ਼ੀ ਸ਼ੋਅ 'ਚ ਨਹੀਂ ਜੁੜੇ ਸਨ। ਇੰਞ ਇਹ ਪ੍ਰੋਗਰਾਮ ਵੀ ਇਕ ਰਿਕਾਰਡ ਬਣ ਗਿਆ ਸੀ। ਦਿਲਜੀਤ ਦੋਸਾਂਝ ਦਾ ਟੂਰ 28 ਅਪ੍ਰੈਲ ਨੂੰ ਸ਼ੁਰੂ ਹੋਇਆ ਸੀ ਤੇ 13 ਜੁਲਾਈ ਨੂੰ ਟੋਰਾਂਟੋ ਦੇ ਰੋਜਰਜ਼ ਸੈਂਟਰ ਵਿਖੇ ਸਮਾਪਤ ਹੋਇਆ ਸੀ। ਹਰਜੀਤ ਸਿੰਘ ਸੱਜਣ ਨੂੰ 15 ਅਪ੍ਰੈਲ ਨੂੰ ਦਿਲਜੀਤ ਦੋਸਾਂਝ ਦੀ ਮੈਨੇਜਰ ਸੋਨਾਲੀ ਸਿੰਘ ਤੋਂ ਇਕ ਪੱਤਰ ਮਿਲਿਆ ਸੀ, ਜਿਸ 'ਚ ਕੈਨੇਡੀਅਨ ਸਿਪਾਹੀਆਂ ਨੂੰ 27 ਅਪ੍ਰੈਲ ਨੂੰ BC ਪਲੇਸ 'ਚ ਦਿਲਜੀਤ ਦੋਸਾਂਝ ਦੇ ਪ੍ਰਦਰਸ਼ਨ 'ਚ ਸ਼ਾਮਲ ਹੋਣ ਦੀ ਬੇਨਤੀ ਕੀਤੀ ਗਈ ਸੀ। ਸੱਜਣ ਨੇ ਇਹ ਪੱਤਰ ਰੱਖਿਆ ਮੰਤਰੀ ਬਿਲ ਬਲੇਅਰ ਨੂੰ ਆਪਣੀ ਸਿਫ਼ਾਰਸ਼ ਨਾਲ ਭੇਜਿਆ ਸੀ। ਸੱਜਣ ਦੇ ਪ੍ਰੈੱਸ ਸਕੱਤਰ ਅਨੁਸਾਰ, ਮੰਤਰੀ ਨੇ ਇਸ ਨੂੰ ਫ਼ੌਜ ਲਈ ਵਿਭਿੰਨ ਭਾਈਚਾਰਿਆਂ ਦੇ ਨੌਜਵਾਨ ਕੈਨੇਡੀਅਨਾਂ ਨਾਲ ਜੁੜਨ ਦੇ ਇੱਕ ਮੌਕੇ ਵਜੋਂ ਦੇਖਿਆ ਸੀ। ਹਰਜੀਤ ਸੱਜਣ ਅਪਣੇ ਪਰਿਵਾਰ ਨਾਲ ਸੰਗੀਤ ਸਮਾਰੋਹ 'ਚ ਸ਼ਾਮਲ ਹੋਏ ਸਨ ਤੇ ਉਨ੍ਹਾਂ ਅਪਣੀਆਂ ਟਿਕਟਾਂ ਖ਼ਰੀਦੀਆਂ ਸਨ ਅਤੇ ਹੋਰ ਵੀ ਸਾਰੇ ਖਰਚੇ ਖ਼ੁਦ ਹੀ ਕੀਤੇ ਸਨ। 15 ਜੁਲਾਈ ਨੂੰ ਟੋਰਾਂਟੋ 'ਚ ਹੋਏ ਇਸ ਪ੍ਰੋਗਰਾਮ 'ਚ ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਵੀ ਸ਼ਿਰਕਤ ਕੀਤੀ। ਦਿਲਜੀਤ ਦੋਸਾਂਝ ਦੇ ਪ੍ਰੋਗਰਾਮ 'ਚ ਅਚਾਨਕ ਪਹੁੰਚ ਕੇ ਉਨ੍ਹਾਂ ਦੀ ਤਾਰੀਫ਼ ਕੀਤੀ ਸੀ।

# ਟਰੂਡੋ ਸਰਕਾਰ ਦਾ ਸਮਰਥਨ ਕਰਨ 'ਤੇ ਵਿਰੋਧੀ ਧਿਰ ਨੇ ਜਗਮੀਤ 'ਤੇ ਵਿੰਨ੍ਹਿਆ ਨਿਸ਼ਾਨਾ



ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦੀ ਪਾਰਟੀ ਨੂੰ ਸਮਰਥਨ ਦੇਣ 'ਤੇ ਨਿਊ ਡੈਮੋਕ੍ਰੇਟਿਕ ਪਾਰਟੀ (ਐਨ.ਡੀ.ਪੀ) ਆਗੂ ਜਗਮੀਤ ਸਿੰਘ ਮੁਸ਼ਕਲ ਵਿਚ ਫਸ ਗਏ ਹਨ। ਅਸਲ ਵਿਚ ਕੈਨੇਡਾ ਦੀ ਮੁੱਖ ਵਿਰੋਧੀ ਧਿਰ ਕੰਜ਼ਰਵੇਟਿਵ ਪਾਰਟੀ ਨੇ ਟਰੂਡੋ ਦੀ ਘੱਟ ਗਿਣਤੀ ਲਿਬਰਲ ਪਾਰਟੀ ਦੀ ਸਰਕਾਰ ਦਾ ਸਮਰਥਨ ਕਰਨ ਲਈ ਐਨ.ਡੀ.ਪੀ ਆਗੂ ਜਗਮੀਤ ਸਿੰਘ ਨੂੰ ਨਿਸ਼ਾਨਾ ਬਣਾਉਂਦੇ ਹੋਏ ਹਮਲਾਵਰ ਵਿਗਿਆਪਨ ਜਾਰੀ ਕੀਤੇ ਹਨ। ਆਨਲਾਈਨ ਜਾਰੀ ਕੀਤੇ ਗਏ ਇਨ੍ਹਾਂ ਵਿਗਿਆਪਨਾਂ ਵਿਚ ਇੰਡੋ-ਕੈਨੇਡੀਅਨ ਐਨ.ਡੀ.ਪੀ ਮੁਖੀ ਨੂੰ "ਸੇਲਆਊਟ ਸਿੰਘ" (Sellout Singh) ਵਜੋਂ ਬ੍ਰਾਂਡ ਕੀਤਾ ਗਿਆ ਹੈ। ਕੰਜ਼ਰਵੇਟਿਵ ਪਾਰਟੀ ਦੇ ਨੇਤਾ ਪਿਏਰੇ ਪੋਇਲੀਵਰ ਨੇ ਐਕਸ 'ਤੇ ਪੋਸਟ ਕੀਤਾ,“ਜਗਮੀਤ ਸਿੰਘ ਨੇ ਤੁਹਾਨੂੰ ਵੇਚ ਦਿੱਤਾ ਅਤੇ ਟਰੂਡੋ ਨਾਲ ਮਿਲ ਕੇ ਟੈਕਸ, ਅਪਰਾਧ ਅਤੇ ਰਿਹਾਇਸ਼ੀ ਖਰਚੇ ਵਧਾਉਣ ਲਈ ਇੱਕ ਮਹਿੰਗੇ ਗੱਠਜੋੜ 'ਤੇ ਦਸਤਖ਼ਤ ਕੀਤੇ। ਸੇਲਆਊਟ ਸਿੰਘ ਨੂੰ ਉਸਦੀ ਪੈਨਸ਼ਨ ਮਿਲਦੀ ਹੈ ਅਤੇ ਤੁਸੀਂ ਕੀਮਤ ਅਦਾ ਕਰਦੇ ਹੋ।” ਏਜੰਸੀ ਕੈਨੇਡੀਅਨ ਪ੍ਰੈਸ ਅਨੁਸਾਰ ਐਨ.ਡੀ.ਪੀ ਨੇ ਇਸ਼ਤਿਹਾਰਾਂ ਨੂੰ "ਬੇਈਮਾਨੀ ਨਾਲ ਕੀਤਾ ਗਿਆ ਨਿੱਜੀ ਹਮਲਾ" ਦੱਸਿਆ ਹੈ। ਸਿੰਘ, ਉਸ ਪੈਨਸ਼ਨ ਲਈ ਯੋਗ ਹੋਣਗੇ ਜਿਸਦਾ ਪੋਇਲੀਵਰ ਨੇ ਸੰਕੇਤ ਦਿੱਤਾ ਸੀ ਜੇਕਰ ਉਹ ਅਗਲੇ ਸਾਲ ਤੱਕ ਹਾਊਸ ਆਫ ਕਾਮਨਜ਼ ਵਿੱਚ ਸੰਸਦ ਮੈਂਬਰ ਬਣੇ ਰਹਿੰਦੇ ਹਨ। ਉਹ ਪਹਿਲੀ ਵਾਰ ਫਰਵਰੀ 2019 ਵਿੱਚ ਬ੍ਰਿਟਿਸ਼ ਕੋਲੰਬੀਆ ਵਿੱਚ ਬਰਨਬੀ ਤੋਂ ਐਮ,ਪੀ ਚੁਣਿਆ ਗਿਆ ਸੀ ਅਤੇ 2021 ਵਿੱਚ ਰਾਸ਼ਟਰੀ ਚੋਣਾਂ ਵਿੱਚ ਸਦਨ ਲਈ ਦੁਬਾਰਾ ਚੁਣਿਆ ਗਿਆ ਸੀ। ਉਹ 2017 ਵਿੱਚ ਐਨ.ਡੀ.ਪੀ ਦਾ ਨੇਤਾ ਬਣ ਗਿਆ ਸੀ।ਹਾਲਾਂਕਿ ਟਰੂਡੋ ਦੀ ਅਗਵਾਈ ਵਾਲੀ ਸਰਕਾਰ ਖਾਸ ਤੌਰ 'ਤੇ ਰਹਿਣ-ਸਹਿਣ ਦੇ ਖਰਚੇ ਦੇ ਮੁੱਦਿਆਂ 'ਤੇ ਤੇਜ਼ੀ ਨਾਲ ਲੋਕਪ੍ਰਿਅਤਾ ਗੁਆ ਬੈਠੀ ਹੈ, ਜਿਸ ਵਿੱਚ ਆਸਰਾ ਦੀ ਸਮਰੱਥਾ ਵੀ ਸ਼ਾਮਲ ਹੈ। ਇਹ ਮਾਰਚ 2022 ਵਿੱਚ NDP ਨਾਲ ਕੀਤੇ ਗਏ "ਸਪਲਾਈ ਅਤੇ ਭਰੋਸੇ ਦੇ ਸਮਝੌਤੇ" ਕਾਰਨ ਬਚੀ ਹੋਈ ਹੈ। ਜਦੋਂ ਕਿ ਸਿੰਘ ਨੇ ਮੌਕਾਪ੍ਰਸਤ ਸਰਕਾਰ ਦੀ ਆਲੋਚਨਾ ਕੀਤੀ ਹੈ। ਅਕਸਰ ਉਸਨੇ ਉਸ ਸਮਝੌਤੇ ਨੂੰ ਰੱਦ ਕਰਨ ਦੀ ਇੱਛਾ ਦਾ ਕੋਈ ਸੰਕੇਤ ਨਹੀਂ ਦਿਖਾਇਆ ਹੈ ਜਿਸ ਨਾਲ ਸੰਭਾਵਤ ਤੌਰ 'ਤੇ ਅਕਤੂਬਰ 2025 ਦੀ ਨਿਰਧਾਰਤ ਮਿਤੀ ਤੋਂ ਪਹਿਲਾਂ ਮੱਧ-ਮਿਆਦ ਦੀਆਂ ਚੋਣਾਂ ਹੋ ਸਕਦੀਆਂ ਹਨ।

ਏਜੰਸੀ ਨੈਨੋਸ ਦੁਆਰਾ ਪਿਛਲੇ ਹਫ਼ਤੇ ਜਾਰੀ ਕੀਤੇ ਗਏ ਇੱਕ ਤਾਜ਼ਾ ਸਰਵੇਖਣ ਅਨੁਸਾਰ ਜੇਕਰ ਹੁਣ ਚੋਣਾਂ ਕਰਵਾਈਆਂ ਜਾਂਦੀਆਂ ਹਨ, ਤਾਂ ਕੰਜ਼ਰਵੇਟਿਵਾਂ ਨੂੰ 41% ਵੋਟ ਪ੍ਰਾਪਤ ਹੋਣਗੇ ਜੋ 225 ਤੋਂ ਵੱਧ ਸੀਟਾਂ ਲਈ ਅਨੁਮਾਨਿਤ ਹੈ। ਲਿਬਰਲਾਂ ਨੂੰ 70 ਤੋਂ ਘੱਟ ਸੀਟਾਂ ਨਾਲ 26% ਸਮਰਥਨ ਅਤੇ NDP ਨੂੰ 17% ਜਾਂ 20 ਸੀਟਾਂ ਮਿਲਣਗੀਆਂ। ਸਿੰਘ ਦੀ ਅਗਵਾਈ ਤੋਂ ਪਹਿਲਾਂ ਚੋਣਾਂ ਵਿੱਚ ਐਨ.ਡੀ.ਪੀ ਕੋਲ ਸਦਨ ਵਿੱਚ 44 ਸੀਟਾਂ ਸਨ ਅਤੇ ਲਗਭਗ 20% ਵੋਟ ਸ਼ੇਅਰ ਸੀ। 2021 ਵਿੱਚ ਉਹ ਦੋਵੇਂ ਸੰਖਿਆ ਬਹੁਤ ਘੱਟ ਸਨ - 25 ਐਨ.ਡੀ.ਪੀ ਸੰਸਦ ਮੈਂਬਰਾਂ ਦੇ ਨਾਲ ਚੁਣੇ ਗਏ ਅਤੇ ਲਗਭਗ 18% ਦੀ ਵੋਟ ਸ਼ੇਅਰ ਸੀ। ਇਹ ਅਗਲੀਆਂ ਚੋਣਾਂ ਵਿੱਚ ਮਾੜੇ ਪ੍ਰਦਰਸ਼ਨ ਲਈ ਰਾਹ 'ਤੇ ਹੈ।


# ਅਮਰੀਕੀ ਰਾਸ਼ਟਰਪਤੀ ਬਾਈਡੇਨ ਨੇ ਕੇਰਲ 'ਚ ਜ਼ਮੀਨ ਖਿਸਕਣ ਦੀ ਘਟਨਾ 'ਤੇ ਜਤਾਇਆ ਦੁੱਖ






ਅਮਰੀਕਾ ਦੇ ਰਾਸ਼ਟਰਪਤੀ ਜੋਅ ਬਾਈਡੇਨ ਨੇ ਵੀਰਵਾਰ ਨੂੰ ਕੇਰਲ ਵਿੱਚ ਵਿਨਾਸ਼ਕਾਰੀ ਜ਼ਮੀਨ ਖਿਸਕਣ ਦੀ ਘਟਨਾ 'ਤੇ ਡੂੰਘੀ ਸੰਵੇਦਨਾ ਜ਼ਾਹਿਰ ਕੀਤੀ ਅਤੇ ਸੇਵਾ ਦੇ ਮੈਂਬਰਾਂ ਅਤੇ ਕਰਮਚਾਰੀਆਂ ਦੀ ਬਹਾਦਰੀ ਦੀ ਪ੍ਰਸ਼ੰਸਾ ਕੀਤੀ ਜੋ ਗੁੰਝਲਦਾਰ ਬਚਾਅ ਕਾਰਜ ਨੂੰ ਅੰਜਾਮ ਦੇਣ ਵਾਲੇ ਪਹਿਲੇ ਸਨ। ਕੇਰਲ ਦੇ ਵਾਇਨਾਡ ਜ਼ਿਲ੍ਹੇ 'ਚ ਮੰਗਲਵਾਰ ਨੂੰ ਜ਼ਮੀਨ ਖਿਸਕਣ ਕਾਰਨ ਘੱਟੋ-ਘੱਟ 190 ਲੋਕਾਂ ਦੀ ਮੌਤ ਹੋ ਗਈ ਅਤੇ 200 ਤੋਂ ਵੱਧ ਜ਼ਖਮੀ ਹੋ ਗਏ। ਬਚਾਅ ਕਰਮਚਾਰੀਆਂ ਵੱਲੋਂ ਮਲਬਾ ਹਟਾਉਣ ਤੋਂ ਬਾਅਦ ਇਹ ਗਿਣਤੀ ਵਧਣ ਦੀ ਸੰਭਾਵਨਾ ਹੈ। ਬਾਈਡੇਨ ਨੇ ਇੱਕ ਬਿਆਨ ਵਿੱਚ ਕਿਹਾ, “ਜਿਲ (ਅਮਰੀਕਾ ਦੀ ਪਹਿਲੀ ਮਹਿਲਾ) ਅਤੇ ਮੈਂ ਭਾਰਤ ਦੇ ਕੇਰਲ ਰਾਜ ਵਿੱਚ ਵਿਨਾਸ਼ਕਾਰੀ ਜ਼ਮੀਨ ਖਿਸਕਣ ਨਾਲ ਪ੍ਰਭਾਵਿਤ ਸਾਰੇ ਲੋਕਾਂ ਪ੍ਰਤੀ ਡੂੰਘੀ ਸੰਵੇਦਨਾ ਪ੍ਰਗਟ ਕਰਦੇ ਹਾਂ। ਸਾਡੀਆਂ ਪ੍ਰਾਰਥਨਾਵਾਂ ਇਸ ਦੁਖਦਾਈ ਘਟਨਾ ਦੇ ਪੀੜਤਾਂ ਦੇ ਨਾਲ ਹਨ ਅਤੇ ਅਸੀਂ ਉਨ੍ਹਾਂ ਪਰਿਵਾਰਾਂ ਪ੍ਰਤੀ ਸੰਵੇਦਨਾ ਪ੍ਰਗਟ ਕਰਦੇ ਹਾਂ ਜਿਨ੍ਹਾਂ ਨੇ ਆਪਣੇ ਅਜ਼ੀਜ਼ਾਂ ਨੂੰ ਗੁਆ ਦਿੱਤਾ ਹੈ।'' ਉਨ੍ਹਾਂ ਕਿਹਾ, ''ਅਸੀਂ ਭਾਰਤੀ ਸੇਵਾ ਦੇ ਮੈਂਬਰਾਂ ਅਤੇ ਪਹਿਲੇ ਜਵਾਬ ਦੇਣ ਵਾਲਿਆਂ ਦਾ ਧੰਨਵਾਦ ਕਰਦੇ ਹਾਂ ਜਿਨ੍ਹਾਂ ਨੇ ਗੁੰਝਲਦਾਰ ਬਚਾਅ ਕਾਰਜ ਵਿੱਚ ਸਹਾਇਤਾ ਕੀਤੀ ਬਹਾਦਰੀ ਅਸੀਂ ਇਸ ਔਖੀ ਘੜੀ ਵਿੱਚ ਭਾਰਤ ਦੇ ਲੋਕਾਂ ਦੇ ਨਾਲ ਹਾਂ।

# ਸ਼੍ਰੀਲੰਕਾ ਵਿੱਚ ਪ੍ਰਸਿੱਧ ਰਾਮਾਇਣ ਮੰਦਰ



ਚਿਲਾਵ ਸ਼੍ਰੀਲੰਕਾ ਵਿੱਚ ਰਾਮਾਇਣ ਨਾਲ ਸਬੰਧਤ ਪ੍ਰਸਿੱਧ ਅਤੇ ਮਹੱਤਵਪੂਰਨ ਸਥਾਨਾਂ ਵਿੱਚੋਂ ਇੱਕ ਹੈ ਕਿਉਂਕਿ ਇਹ ਪ੍ਰਸਿੱਧ ਮੁਨੇਸ਼ਵਰ ਮੰਦਰ ਅਤੇ ਮਾਨਾਵਰੀ ਮੰਦਿਰ ਦਾ ਘਰ ਹੈ। ਇਹ ਦੋ ਮੰਦਰ ਰਾਮਾਇਣ ਨਾਲ ਸਬੰਧਤ ਮੁੱਖ ਸਥਾਨ ਹਨ ਜਿਨ੍ਹਾਂ ਨੂੰ ਸ਼੍ਰੀਲੰਕਾ ਰਾਮਾਇਣ ਟੂਰ ਦੇ ਹਿੱਸੇ ਵਜੋਂ ਦੇਖਿਆ ਜਾ ਸਕਦਾ ਹੈ। ਮੁਨੇਸ਼ਵਰ ਮੰਦਰ ਭਗਵਾਨ ਸ਼ਿਵ ਨੂੰ ਸਮਰਪਿਤ ਹੈ ਅਤੇ ਸ਼੍ਰੀਲੰਕਾ ਦਾ ਸਭ ਤੋਂ ਪੁਰਾਣਾ ਹਿੰਦੂ ਮੰਦਰ ਮੰਨਿਆ ਜਾਂਦਾ ਹੈ। ਇਹ ਮੰਨਿਆ ਜਾਂਦਾ ਹੈ ਕਿ ਇਹ ਉਹ ਸਥਾਨ ਸੀ ਜਿੱਥੇ ਰਾਜਾ ਰਾਮ ਨੇ ਬ੍ਰਹਮਾਹਤਿਆ ਦੋਸ਼ ਤੋਂ ਛੁਟਕਾਰਾ ਪਾਉਣ ਲਈ ਭਗਵਾਨ ਸ਼ਿਵ ਨੂੰ ਪ੍ਰਾਰਥਨਾ ਕੀਤੀ ਸੀ ਕਿਉਂਕਿ ਉਸਨੇ ਇੱਕ ਬ੍ਰਾਹਮਣ ਰਾਜਾ ਰਾਵਣ ਨੂੰ ਮਾਰਿਆ ਸੀ। ਜਿਵੇਂ ਕਿ ਭਗਵਾਨ ਸ਼ਿਵ ਦੁਆਰਾ ਸਲਾਹ ਦਿੱਤੀ ਗਈ ਸੀ, ਭਗਵਾਨ ਰਾਮ ਨੇ ਬ੍ਰਹਮਾਹਤਿਆ ਦੋਸ਼ ਤੋਂ ਛੁਟਕਾਰਾ ਪਾਉਣ ਲਈ ਭਾਰਤ ਵਿੱਚ ਚਾਰ ਵੱਖ-ਵੱਖ ਸਥਾਨਾਂ ਅਰਥਾਤ ਮਾਨਾਵਰੀ, ਤਿਰੂ ਕੋਨੇਸ਼ਵਰਮ, ਤਿਰੂ ਕੇਤੇਸ਼ਵਰਮ ਅਤੇ ਰਾਮੇਸ਼ਵਰਮ 'ਤੇ ਚਾਰ ਸ਼ਿਵਲਿੰਗਾਂ ਦੀ ਸਥਾਪਨਾ ਕੀਤੀ। ਚਿਲਾਵ ਤੋਂ ਲਗਭਗ 6 ਕਿਲੋਮੀਟਰ ਦੂਰ, ਮਾਨਾਵਰੀ ਮੰਦਿਰ ਉਹ ਪਹਿਲਾ ਸਥਾਨ ਹੈ ਜਿੱਥੇ ਭਗਵਾਨ ਰਾਮ ਨੇ ਸ਼ਿਵਲਿੰਗ ਦੀ ਸਥਾਪਨਾ ਕੀਤੀ ਅਤੇ ਪ੍ਰਾਰਥਨਾ ਕੀਤੀ। ਇਸ ਨੂੰ ਰਾਮਲਿੰਗਮ ਕਿਹਾ ਜਾਂਦਾ ਹੈ ਕਿਉਂਕਿ ਇਹ ਭਗਵਾਨ ਰਾਮ ਦੁਆਰਾ ਬਣਾਇਆ ਗਿਆ ਸੀ। ਭਾਰਤ ਵਿੱਚ ਰਾਮੇਸ਼ਵਰਮ ਭਗਵਾਨ ਰਾਮ ਦੇ ਨਾਮ 'ਤੇ ਦੁਨੀਆ ਦਾ ਇੱਕੋ ਇੱਕ ਹੋਰ ਲਿੰਗਮ ਹੈ।



ਸਿਗੀਰੀਆ, ਜਿਸ ਨੂੰ ਸ਼ੇਰ ਰੌਕ ਵੀ ਕਿਹਾ ਜਾਂਦਾ ਹੈ, ਸ਼੍ਰੀਲੰਕਾ ਦੀ ਇੱਕ ਪ੍ਰਾਚੀਨ ਰਾਜਧਾਨੀ ਹੈ ਅਤੇ ਦਲੀਲ ਨਾਲ ਸਭ ਤੋਂ ਮਹੱਤਵਪੂਰਨ ਯੂਨੈਸਕੋ ਵਿਸ਼ਵ ਵਿਰਾਸਤੀ ਸਥਾਨਾਂ ਵਿੱਚੋਂ ਇੱਕ ਹੈ ਜਿਸ ਨੂੰ ਤੁਹਾਡੇ ਸ਼੍ਰੀਲੰਕਾ ਦੌਰੇ ਦੌਰਾਨ ਨਹੀਂ ਗੁਆਉਣਾ ਚਾਹੀਦਾ। ਅਕਸਰ ਸਥਾਨਕ ਲੋਕਾਂ ਦੁਆਰਾ ਦੁਨੀਆ ਦਾ ਅੱਠਵਾਂ ਅਜੂਬਾ ਮੰਨਿਆ ਜਾਂਦਾ ਹੈ, ਇਸ ਪ੍ਰਾਚੀਨ ਕਿਲ੍ਹੇ ਦੀ ਮਹੱਤਵਪੂਰਨ ਪੁਰਾਤੱਤਵ ਮਹੱਤਤਾ ਹੈ ਅਤੇ ਹਰ ਸਾਲ ਹਜ਼ਾਰਾਂ ਸੈਲਾਨੀਆਂ ਨੂੰ ਆਕਰਸ਼ਿਤ ਕਰਦਾ ਹੈ। ਇਸਦੇ ਵਿਸ਼ਵ ਪ੍ਰਸਿੱਧ ਚੱਟਾਨ ਕਿਲ੍ਹੇ ਤੋਂ ਇਲਾਵਾ, ਸਿਗੀਰੀਆ ਵੀ ਉਹ ਸਥਾਨ ਹੈ ਜੋ ਰਾਮਾਇਣ ਦੀਆਂ ਕਹਾਣੀਆਂ ਨਾਲ ਸਬੰਧਤ ਹੈ। ਦੰਤਕਥਾ ਦੇ ਅਨੁਸਾਰ, ਸਿਗੀਰੀਆ ਵਿੱਚ ਨਾਗੁਲੀਆ ਗੁਫਾ ਉਹਨਾਂ ਸਥਾਨਾਂ ਵਿੱਚੋਂ ਇੱਕ ਮੰਨਿਆ ਜਾਂਦਾ ਹੈ ਜਿੱਥੇ ਰਾਵਣ ਨੇ ਸੀਤਾ ਦੇਵੀ ਨੂੰ ਸ਼੍ਰੀਲੰਕਾ ਵਿੱਚ ਬੰਦੀ ਬਣਾ ਕੇ ਰੱਖਿਆ ਸੀ।



ਇਸਦੇ ਸੁਨਹਿਰੀ ਰੇਤਲੇ ਬੀਚਾਂ ਤੋਂ ਇਲਾਵਾ, ਤ੍ਰਿੰਕੋਮਾਲੀ ਸ਼੍ਰੀਲੰਕਾ ਦੇ ਧਾਰਮਿਕ ਅਤੇ ਸੱਭਿਆਚਾਰਕ ਇਤਿਹਾਸ ਵਿੱਚ ਇੱਕ ਮਹੱਤਵਪੂਰਨ ਭੂਮਿਕਾ ਰੱਖਦਾ ਹੈ ਕਿਉਂਕਿ ਇਹ ਇਤਿਹਾਸਕ ਤਿਰੂਕੋਨੇਸ਼ਵਰਮ ਮੰਦਰ ਦਾ ਘਰ ਹੈ। ਅਕਸਰ ਦੱਖਣ ਕੈਲਾਸਮ, ਕੋਨੇਸ਼ਵਰਮ ਦੇ ਰੂਪ ਵਿੱਚ ਜਾਣਿਆ ਜਾਂਦਾ ਹੈ, ਇਹ ਮੰਦਰ ਅਗਸਤਯ ਰਿਸ਼ੀ ਦੁਆਰਾ ਭਗਵਾਨ ਸ਼ਿਵ ਦੇ ਨਿਰਦੇਸ਼ਾਂ 'ਤੇ ਬਣਾਇਆ ਗਿਆ ਸੀ ਜੋ ਰਾਜਾ ਰਾਵਣ ਦੀ ਭਗਤੀ ਤੋਂ ਪ੍ਰਭਾਵਿਤ ਹੋਇਆ ਸੀ। ਇਹ ਵੀ ਮੰਨਿਆ ਜਾਂਦਾ ਹੈ ਕਿ ਇਹ ਉਹ ਸਥਾਨ ਸੀ ਜਿੱਥੇ ਭਗਵਾਨ ਰਾਮ ਨੇ ਬ੍ਰਹਮਾਹਥਿਆ ਦੋਸ਼ ਤੋਂ ਛੁਟਕਾਰਾ ਪਾਉਣ ਲਈ ਮਾਨਾਵਰੀ ਮੰਦਰ ਤੋਂ ਬਾਅਦ ਦੂਜਾ ਲਿੰਗ ਸਥਾਪਿਤ ਕੀਤਾ ਸੀ। ਇਹ ਮੰਦਿਰ ਸ਼੍ਰੀਲੰਕਾ ਦੇ ਪੰਚ ਈਸ਼ਵਰਮਾਂ ਵਿੱਚੋਂ ਇੱਕ ਵਜੋਂ ਸਤਿਕਾਰਿਆ ਜਾਂਦਾ ਹੈ। ਇੱਕ ਚੱਟਾਨ ਦੇ ਕਿਨਾਰੇ 'ਤੇ ਸੁਹਾਵਣਾ ਢੰਗ ਨਾਲ ਬੈਠਦਾ ਹੈ, ਇਹ ਨੇੜਲੇ ਮੈਦਾਨਾਂ ਅਤੇ ਹਿੰਦ ਮਹਾਸਾਗਰ ਦੇ ਕੁਝ ਸ਼ਾਨਦਾਰ ਦ੍ਰਿਸ਼ ਪੇਸ਼ ਕਰਦਾ ਹੈ।



ਸ਼੍ਰੀਲੰਕਾ ਹਨੀਮੂਨ ਪੈਕੇਜਾਂ ਦੇ ਹਿੱਸੇ ਵਜੋਂ ਏਲਾ ਇੱਕ ਹੋਰ ਮਹੱਤਵਪੂਰਨ ਸਥਾਨ ਹੈ ਜਿਸਦਾ ਦੌਰਾ ਕੀਤਾ ਜਾ ਸਕਦਾ ਹੈ ਕਿਉਂਕਿ ਇਹ ਮਹਾਨ ਮਹਾਂਕਾਵਿ ਰਾਮਾਇਣ ਨਾਲ ਜੁੜੇ ਦੋ ਸਥਾਨਾਂ ਨੂੰ ਮਾਣਦਾ ਹੈ। ਇਹ ਛੋਟਾ ਜਿਹਾ ਖੂਬਸੂਰਤ ਪਹਾੜੀ ਪਿੰਡ ਰਾਵਣ ਏਲਾ ਫਾਲਸ ਅਤੇ ਰਾਵਣ ਦੀਆਂ ਗੁਫਾਵਾਂ ਲਈ ਜਾਣਿਆ ਜਾਂਦਾ ਹੈ। ਲਗਭਗ 25 ਮੀਟਰ ਦੀ ਉਚਾਈ ਤੋਂ ਡਿੱਗਦੇ ਹੋਏ, ਰਾਵਣ ਏਲਾ ਫਾਲਸ ਦਾ ਨਾਮ ਰਾਜਾ ਰਾਵਣ ਦੇ ਨਾਮ 'ਤੇ ਰੱਖਿਆ ਗਿਆ ਹੈ ਅਤੇ ਮੰਨਿਆ ਜਾਂਦਾ ਹੈ ਕਿ ਸੀਥਾ ਨੇ ਇਸ ਝਰਨੇ ਤੋਂ ਡਿੱਗਣ ਵਾਲੇ ਪਾਣੀ ਨੂੰ ਇਕੱਠਾ ਕਰਨ ਵਾਲੇ ਤਲਾਬ ਵਿੱਚ ਇਸ਼ਨਾਨ ਕੀਤਾ ਸੀ। ਲਗਭਗ 1370 ਮੀਟਰ ਦੀ ਉਚਾਈ 'ਤੇ ਸਥਿਤ, ਫਾਲਸ ਦੇ ਨੇੜੇ ਇੱਕ ਛੋਟੀ ਰਾਵਣ ਏਲਾ ਗੁਫਾ ਵੀ ਹੈ ਅਤੇ ਮੰਨਿਆ ਜਾਂਦਾ ਹੈ ਕਿ ਇਸ ਗੁਫਾ ਦੀ ਵਰਤੋਂ ਰਾਜਾ ਰਾਵਣ ਨੇ ਰਾਜਕੁਮਾਰੀ ਸੀਥਾ ਨੂੰ ਛੁਪਾਉਣ ਲਈ ਕੀਤੀ ਸੀ। ਇਸਦੀ ਕੁਦਰਤੀ ਸੁੰਦਰਤਾ ਅਤੇ ਝਰਨੇ ਦੇ ਕਾਰਨ, ਇਹ ਸ਼੍ਰੀਲੰਕਾ ਵਿੱਚ ਘੁੰਮਣ ਲਈ ਸਭ ਤੋਂ ਵਧੀਆ ਸਥਾਨਾਂ ਵਿੱਚੋਂ ਇੱਕ ਹੈ।




ਸ੍ਰੀਲੰਕਾ ਦਾ ਪ੍ਰਸਿੱਧ ਪਹਾੜੀ ਸਥਾਨ ਨੁਵਾਰਾ ਏਲੀਆ, ਅਧਿਆਤਮਿਕ ਯਾਤਰੀਆਂ ਲਈ ਵੀ ਇੱਕ ਉੱਤਮ ਮੰਜ਼ਿਲ ਹੈ ਕਿਉਂਕਿ ਇਹ ਸ਼੍ਰੀਲੰਕਾ ਵਿੱਚ ਰਾਮਾਇਣ ਕਹਾਣੀ ਨਾਲ ਸਬੰਧਤ ਪ੍ਰਸਿੱਧ ਸਥਾਨਾਂ ਵਿੱਚੋਂ ਦਿਵੁਰਮਪੋਲਾ, ਗਾਇਤਰੀ ਪੀਠਮ, ਅਤੇ ਸੀਥਾ ਅੱਮਾਨ ਮੰਦਿਰ ਦਾ ਘਰ ਹੈ। ਨੁਵਾਰਾ ਏਲੀਆ ਕਸਬੇ ਦੇ ਅੰਦਰ ਸਥਿਤ, ਗਾਇਤਰੀ ਪੀਥਮ ਨੂੰ ਉਹ ਸਥਾਨ ਕਿਹਾ ਜਾਂਦਾ ਹੈ ਜਿੱਥੇ ਰਾਵਣ ਦੇ ਪੁੱਤਰ ਮੇਘਨਾਥ ਨੇ ਭਗਵਾਨ ਸ਼ਿਵ ਨੂੰ ਤਪੱਸਿਆ ਕੀਤੀ ਅਤੇ ਬਦਲੇ ਵਿੱਚ ਯੁੱਧ ਤੋਂ ਪਹਿਲਾਂ ਸ਼ਕਤੀਸ਼ਾਲੀ ਦੇਵਤਾ ਦੁਆਰਾ ਅਲੌਕਿਕ ਸ਼ਕਤੀਆਂ ਦਿੱਤੀਆਂ ਗਈਆਂ ਸਨ। ਨੁਵਾਰਾ ਏਲੀਆ ਤੋਂ ਲਗਭਗ 5 ਕਿਲੋਮੀਟਰ ਦੀ ਦੂਰੀ 'ਤੇ, ਸੀਥਾ ਏਲੀਆ ਵਿੱਚ ਸੀਥਾ ਅੱਮਾਨ ਮੰਦਰ ਸੀਥਾ ਦੇਵੀ, ਭਗਵਾਨ ਰਾਮ, ਲਕਸ਼ਮਣ ਅਤੇ ਹਨੂੰਮਾਨ ਨੂੰ ਸਮਰਪਿਤ ਇੱਕ ਵਿਲੱਖਣ ਮੰਦਰ ਹੈ। ਦੰਤਕਥਾ ਦੇ ਅਨੁਸਾਰ, ਇਸ ਮੰਦਰ ਨੂੰ ਅਸ਼ੋਕ ਵਾਟਿਕਾ ਦਾ ਸਥਾਨ ਕਿਹਾ ਜਾਂਦਾ ਹੈ ਜਿੱਥੇ ਅਸੁਰ ਰਾਜਾ ਰਾਵਣ ਦੁਆਰਾ ਦੇਵੀ ਸੀਤਾ ਨੂੰ ਬੰਦੀ ਬਣਾ ਲਿਆ ਗਿਆ ਸੀ ਅਤੇ ਇਹ ਵੀ ਮੰਨਿਆ ਜਾਂਦਾ ਹੈ ਕਿ ਮੰਦਰ ਦੇ ਨਾਲ ਵਾਲੀ ਨਦੀ ਹੈ ਜਿੱਥੇ ਸੀਤਾ ਨੇ ਇਸ਼ਨਾਨ ਕੀਤਾ ਸੀ। ਤੁਸੀਂ ਨੁਵਾਰਾ ਏਲੀਆ ਵਿਖੇ ਹਕਗਲਾ ਗਾਰਡਨ ਵੀ ਜਾ ਸਕਦੇ ਹੋ ਜੋ ਅਸ਼ੋਕ ਵਾਟਿਕਾ ਮੰਨਿਆ ਜਾਂਦਾ ਹੈ ਜਿੱਥੇ ਰਾਵਣ ਨੇ ਸੀਤਾ ਨੂੰ ਬੰਦੀ ਬਣਾਇਆ ਸੀ। ਨੁਵਾਰਾ ਏਲੀਆ ਤੋਂ 20 ਕਿਲੋਮੀਟਰ ਦੀ ਦੂਰੀ 'ਤੇ, ਦਿਵੁਰਮਪੋਲਾ ਨੂੰ ਉਹ ਸਥਾਨ ਮੰਨਿਆ ਜਾਂਦਾ ਹੈ ਜਿੱਥੇ ਸੀਥਾ ਦੇਵੀ ਨੇ ਅੱਗ ਦੀ "ਅਗਨੀ" ਪ੍ਰੀਖਿਆ ਕੀਤੀ ਸੀ ਜਿੱਥੇ ਉਸਨੇ ਰਾਮ ਨੂੰ ਆਪਣੀ ਨਿਰਦੋਸ਼ਤਾ ਅਤੇ ਸ਼ੁੱਧਤਾ ਸਾਬਤ ਕੀਤੀ ਸੀ। ਸਥਾਨਕ ਸਿੰਹਲੀ ਭਾਸ਼ਾ ਵਿੱਚ ਦਿਵੁਰਮਪੋਲਾ ਦਾ ਅਰਥ ਹੈ 'ਸਹੁੰ ਖਾਣ ਦੀ ਥਾਂ'।



ਕੋਲੰਬੋ, ਵਪਾਰਕ ਰਾਜਧਾਨੀ ਅਤੇ ਸ਼੍ਰੀਲੰਕਾ ਦਾ ਸਭ ਤੋਂ ਵੱਡਾ ਸ਼ਹਿਰ, ਦੋ ਪ੍ਰਸਿੱਧ ਮੰਦਰਾਂ ਦਾ ਘਰ ਵੀ ਹੈ ਜੋ ਭਾਰਤੀ ਮਹਾਂਕਾਵਿ ਰਾਮਾਇਣ ਨਾਲ ਸਬੰਧਤ ਹਨ। ਉਹ ਹਨ ਅੰਜਨਯਾਰ ਮੰਦਿਰ ਅਤੇ ਕੇਲਾਨੀਆ ਮੰਦਿਰ। ਭਗਵਾਨ ਹਨੂੰਮਾਨ ਨੂੰ ਸਮਰਪਿਤ, ਅੰਜਨਯਾਰ ਮੰਦਿਰ ਆਪਣੇ ਪੰਚਮੁਗਾ ਰੂਪ ਵਿੱਚ ਸ਼੍ਰੀਲੰਕਾ ਦਾ ਪਹਿਲਾ ਮੰਦਿਰ ਹੈ ਅਤੇ ਇਸਨੂੰ ਅੰਜਨਯਾਰ ਲਈ ਰੱਥ ਰੱਖਣ ਵਾਲਾ ਦੁਨੀਆ ਦਾ ਇੱਕੋ ਇੱਕ ਮੰਦਰ ਕਿਹਾ ਜਾਂਦਾ ਹੈ। ਇਸ ਮੰਦਰ ਦਾ ਰੱਥ ਉਤਸਵ ਹਰ ਸਾਲ ਦਸੰਬਰ ਜਾਂ ਜਨਵਰੀ ਵਿੱਚ ਹੁੰਦਾ ਹੈ ਅਤੇ ਕੋਲੰਬੋ ਵਿੱਚ ਇੱਕ ਪ੍ਰਸਿੱਧ ਮੰਦਰ ਤਿਉਹਾਰ ਹੈ। ਰਾਮਾਇਣ ਨਾਲ ਜੁੜੀਆਂ ਕੋਲੰਬੋ ਦੀਆਂ ਸਭ ਤੋਂ ਮਹੱਤਵਪੂਰਨ ਅਤੇ ਨਜ਼ਦੀਕੀ ਸਾਈਟਾਂ ਵਿੱਚੋਂ ਕੇਲਾਨੀ ਰਾਜਾ ਮਹਾਂ ਵਿਹਾਰਯਾ ਜਾਂ ਕੇਲਾਨੀਆ ਮੰਦਰ ਹੈ। ਕੇਲਾਨੀਆ ਨੂੰ ਉਹ ਸਥਾਨ ਮੰਨਿਆ ਜਾਂਦਾ ਹੈ ਜਿੱਥੇ ਰਾਜਾ ਰਾਵਣ ਦੀ ਮੌਤ ਤੋਂ ਬਾਅਦ ਲਕਸ਼ਮਣ ਦੁਆਰਾ ਲੰਕਾ ਦੇ ਰਾਜੇ ਵਜੋਂ ਵਿਭੀਸ਼ਨ ਦਾ ਤਾਜਪੋਸ਼ੀ ਕੀਤਾ ਗਿਆ ਸੀ। ਬੋਧੀ ਮੰਦਰ ਦੇ ਬਾਹਰ ਵਿਭੀਸ਼ਨ ਦੇ ਤਾਜ ਨੂੰ ਦਰਸਾਉਂਦੀਆਂ ਕੁਝ ਸੁੰਦਰ ਕੰਧ-ਚਿੱਤਰ ਵੀ ਹਨ। ਵਿਭੀਸ਼ਨ ਨੂੰ ਸਿੰਹਲੀ ਬੋਧੀਆਂ ਦੁਆਰਾ ਇੱਕ ਦੇਵਤਾ ਵਜੋਂ ਪੂਜਿਆ ਜਾਂਦਾ ਹੈ ਕਿਉਂਕਿ ਉਹ ਉਸਨੂੰ ਟਾਪੂ ਦੇ ਮੁੱਖ ਰੱਖਿਅਕਾਂ ਵਿੱਚੋਂ ਇੱਕ ਮੰਨਦੇ ਹਨ। ਕੇਲਾਨੀਆ ਰਾਜਾ ਮਹਾਂ ਵਿਹਾਰਿਆ ਸ਼੍ਰੀਲੰਕਾ ਵਿੱਚ ਬੋਧੀਆਂ ਲਈ ਇੱਕ ਪਵਿੱਤਰ ਪੂਜਾ ਸਥਾਨ ਹੈ ਅਤੇ ਇਹ ਦੇਸ਼ ਦੇ ਉਨ੍ਹਾਂ ਤਿੰਨ ਸਥਾਨਾਂ ਵਿੱਚੋਂ ਇੱਕ ਹੈ ਜਿੱਥੇ ਭਗਵਾਨ ਬੁੱਧ ਨੇ ਦੌਰਾ ਕੀਤਾ ਸੀ।

ਕੈਂਡੀ ਤੋਂ 50 ਕਿਲੋਮੀਟਰ ਦੀ ਦੂਰੀ 'ਤੇ, ਰਾਮਬੋਡਾ ਸ਼੍ਰੀਲੰਕਾ ਦੇ ਕੇਂਦਰੀ ਸੂਬੇ ਵਿੱਚ ਸਥਿਤ ਇੱਕ ਸੁੰਦਰ ਪਿੰਡ ਹੈ। ਇਹ ਆਪਣੇ ਸ਼ਾਨਦਾਰ ਰਾਮਬੋਡਾ ਫਾਲਸ ਅਤੇ ਇਤਿਹਾਸਕ ਸ਼੍ਰੀ ਭਗਤ ਹਨੂੰਮਾਨ ਮੰਦਿਰ ਲਈ ਮਸ਼ਹੂਰ ਹੈ। ਭਗਤਾ ਹਨੂੰਮਾਨ ਦਾ ਮੰਦਰ ਰਾਮਬੋਡਾ ਦੀਆਂ ਪਹਾੜੀਆਂ 'ਤੇ ਚਿਨਮਯਾ ਮਿਸ਼ਨ ਦੁਆਰਾ ਬਣਾਇਆ ਗਿਆ ਸੀ, ਜਿੱਥੇ ਮੰਨਿਆ ਜਾਂਦਾ ਹੈ ਕਿ ਭਗਵਾਨ ਹਨੂੰਮਾਨ ਨੇ ਸੀਥਾ ਦੀ ਖੋਜ ਕੀਤੀ ਸੀ। ਮੰਦਰ ਵਿੱਚ ਵਿਨਾਯਕਰ, ਰਾਮ, ਸੀਥਾ ਅਤੇ ਲਕਸ਼ਮਣ ਦੇ ਨਾਲ ਭਗਵਾਨ ਹਨੂੰਮਾਨ ਦੀ 16 ਫੁੱਟ ਦੀ ਮੂਰਤੀ ਹੈ। ਇਹ ਤੁਹਾਡੀ ਸ਼੍ਰੀਲੰਕਾ ਯਾਤਰਾ ਦੌਰਾਨ ਰਾਮਾਇਣ ਨਾਲ ਸਬੰਧਤ ਸਥਾਨਾਂ ਵਿੱਚੋਂ ਇੱਕ ਹੈ। ਰਾਮਬੋਡਾ ਨਾਮ ਰਾਮ ਦੀ ਸੈਨਾ ਨਾਲ ਵੀ ਜੁੜਿਆ ਹੋਇਆ ਹੈ ਕਿਉਂਕਿ ਇਹ ਉਹ ਜਗ੍ਹਾ ਵੀ ਸੀ ਜਿੱਥੇ ਪਹਿਲੀ ਵਾਰ ਦੋਵੇਂ ਸੈਨਾਵਾਂ ਦਾ ਸਾਹਮਣਾ ਹੋਇਆ ਸੀ, ਰਾਮਬੋਡਾ ਪਹਾੜੀ 'ਤੇ ਭਗਵਾਨ ਰਾਮ ਦੀ ਸੈਨਾ ਅਤੇ ਦੂਜੇ ਪਾਸੇ ਰਾਵਣ ਦੀ ਸੈਨਾ, ਰਾਮਬੋਡਾ ਝੀਲ ਦੁਆਰਾ ਵੱਖ ਕੀਤੀ ਗਈ ਸੀ। ਨੇੜੇ ਹੀ 'ਸੀਤਾ ਅੱਥਰੂ ਤਾਲਾਬ' ਨਾਮ ਦਾ ਇੱਕ ਤਾਲਾਬ ਹੈ, ਜੋ ਸੀਤਾ ਦੇਵੀ ਦੇ ਹੰਝੂਆਂ ਤੋਂ ਬਣਿਆ ਕਿਹਾ ਜਾਂਦਾ ਹੈ। ਰਾਮਬੋਡਾ ਦੱਰੇ 'ਤੇ ਸਥਿਤ, ਰਾਮਬੋਡਾ ਫਾਲਸ ਇਕ ਮਨਮੋਹਕ ਝਰਨਾ ਹੈ ਜੋ ਲਗਭਗ 109 ਮੀਟਰ ਦੀ ਉਚਾਈ ਤੋਂ ਹੇਠਾਂ ਡਿੱਗਦਾ ਹੈ। ਇਹ ਸ਼੍ਰੀਲੰਕਾ ਵਿੱਚ ਸਭ ਤੋਂ ਉੱਚੇ ਝਰਨੇ ਵਿੱਚੋਂ ਇੱਕ ਹੈ ਅਤੇ ਸ਼੍ਰੀਲੰਕਾ ਵਿੱਚ ਦੇਖਣ ਲਈ ਸਭ ਤੋਂ ਵਧੀਆ ਸਥਾਨਾਂ ਵਿੱਚੋਂ ਇੱਕ ਹੈ। ਰਾਮਬੋਡਾ ਫਾਲਸ ਦੇ ਨੇੜੇ, ਇੱਥੇ ਇੱਕ ਰਾਮਬੋਡਾ ਸੁਰੰਗ ਹੈ ਜੋ ਵਰਤਮਾਨ ਵਿੱਚ ਸ਼੍ਰੀਲੰਕਾ ਵਿੱਚ 225 ਮੀਟਰ ਲੰਬੀ ਸੜਕ ਦੀ ਸਭ ਤੋਂ ਲੰਬੀ ਸੁਰੰਗ ਹੈ।





ਹਰੀਪੀਟੀਆ ਦੇ ਨੇੜੇ ਸਥਿਤ, ਡੋਲੁਕੰਡਾ ਸ਼੍ਰੀਲੰਕਾ ਦਾ ਇੱਕ ਹੋਰ ਮਸ਼ਹੂਰ ਸਥਾਨ ਹੈ ਜਿਸਦਾ ਭਾਰਤੀ ਮਹਾਂਕਾਵਿ ਰਾਮਾਇਣ ਨਾਲ ਮਜ਼ਬੂਤ ਸਬੰਧ ਹੈ ਕਿਉਂਕਿ ਇਹ ਉਨ੍ਹਾਂ ਪੰਜ ਸਥਾਨਾਂ ਵਿੱਚੋਂ ਇੱਕ ਹੈ ਜਿੱਥੇ ਭਗਵਾਨ ਹਨੂੰਮਾਨ ਨੇ ਗਲਤੀ ਨਾਲ ਸੰਜੀਵਨੀ ਪਹਾੜ ਦਾ ਇੱਕ ਟੁਕੜਾ ਸੁੱਟ ਦਿੱਤਾ ਸੀ। ਕਥਾ ਦੇ ਅਨੁਸਾਰ, ਭਗਵਾਨ ਹਨੂੰਮਾਨ ਨੂੰ ਰਾਮ ਦੁਆਰਾ ਲਕਸ਼ਮਣ ਨੂੰ ਬਚਾਉਣ ਲਈ ਜੜੀ-ਬੂਟੀਆਂ ਲਿਆਉਣ ਲਈ ਕਿਹਾ ਗਿਆ ਸੀ ਜੋ ਰਾਜਾ ਰਾਵਣ ਨਾਲ ਯੁੱਧ ਦੌਰਾਨ ਗੰਭੀਰ ਰੂਪ ਵਿੱਚ ਜ਼ਖਮੀ ਹੋ ਗਏ ਸਨ। ਹਨੂੰਮਾਨ ਪੂਰਾ ਸੰਜੀਵਨੀ ਪਰਬਤ ਲੈ ਆਇਆ ਸੀ ਕਿਉਂਕਿ ਉਹ ਜੜੀ-ਬੂਟੀਆਂ ਦੀ ਪਛਾਣ ਕਰਨ ਵਿੱਚ ਅਸਮਰੱਥ ਸੀ। ਉੱਡਦੇ ਸਮੇਂ ਪਹਾੜ ਦੇ ਕੁਝ ਹਿੱਸੇ ਲੰਕਾ ਦੇ ਪੰਜ ਸਥਾਨਾਂ ਡੋਲੁਕੰਡਾ, ਰੁਮਾਸਾਲਾ, ਰੀਤੀਗਲਾ, ਥੱਲਾਡੀ ਅਤੇ ਕੱਛਟੀਵੂ 'ਤੇ ਡਿੱਗ ਗਏ।